# ਅੰਮ੍ਰਿਤ ਕੀਰਤਨ

Amrit Kirtan — अमृत कीर्तन

ਅੰਕ 18 — ਨਵੰਬਰ 1990


## ਇਸ ਅੰਕ ਵਿਚ ਵਿਸ਼ੇਸ਼ ਰਚਨਾਵਾਂ

* ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ,
* ਗੁਰੂ ਨਾਨਕ ਦੇਵ ਜੀ ਦੇ ਅਨਮੋਲ ਬਚਨ,
* ਇੱਕ ਸਾਖੀ 'ਕਰਉ ਬੇਨੰਤੀਆਂ' ਵਿਚ,
* ਗੁਰਮਤਿ ਸੰਗੀਤ ਦਾ ਉਦੇਸ਼
* ਰਾਗੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਕੁਝ ਸੁਝਾਅ ਆਦਿ ।


ਆਨਰੇਰੀ ਸੰਪਾਦਕ — ਡਾ. ਜਾਗੀਰ ਸਿੰਘ

## ਤੁਹਾਡੇ ਪੱਤਰ

# ਇਕ ਪੱਤਰ ਇੰਗਲੈਂਡ ਤੋਂ

ਤੁਹਾਡੇ ਉੱਦਮ ਦੀ ਗੱਲ। ਈਸ਼ਵਰ ਗਵਾਹ ਹੈ ਕਿ ਸੰਗੀਤ ਤੇ ਕਈ ਵੱਡੇ ਵਿਦਵਾਨਾ ਦੇ ਲੇਖ ਪੜ੍ਹਨ ਦਾ ਮੌਕਾ ਵੀ ਬਣਦਾ ਰਿਹਾ, ਪਰ ਅਫਸੋਸ, ਕਦੇ ਵੀ ਕਿਸੇ ਦਾ ਕੋਈ ਮਜਮੂਨ ਘੱਟ ਹੀ ਜਚਿਆ। ਇਸ ਵਿਚ ਮੇਰੀ ਮੂਰਖਤਾ ਨੂੰ ਦਖਲ ਵੀ ਹੋ ਸਕਦਾ ਹੈ। ਪਰ ਤੁਹਾਡੇ ਪਿਛਲੇ ਕੁਝ ਅੰਕਾਂ 'ਚ ਸ੍ਰੀ ਟੀ,ਸੀ. ਨਾਗਪਾਲ ਜੀ ਨੇ ਜਿਹੜੀ ਲੇਖ ਲੜੀ ਸ਼ੁਰੂ ਕੀਤੀ ਹੈ, ਉਸਦਾ ਕੋਈ ਮੁਕਾਬਲਾ ਹੀ ਨਹੀਂ। ਜ਼ਿੰਦਗੀ ਵਿਚ ਖਾਸ ਕਰਕੇ ਰਬਾਬੀਆਂ ਬਾਰੇ ਜੇਕਰ ਕਿਸੇ ਦੇ ਲੇਖਾਂ ਦਾ ਸਰੂਰ ਆਇਆ ਹੈ ਤਾਂ ਕੇਵਲ ਇਹ ਹੀ ਵਿਅਕਤੀ ਹਨ। ਇਸ ਲਈ ਉਨ੍ਹਾਂ ਤਕ ਮੇਰੀਆਂ ਹਾਰਦਿਕ ਵਧਾਈਆਂ ਪਹੁੰਚਾ ਦੇਣੀਆਂ।

ਮੈਨੂੰ ਡਰ ਕੇਵਲ ਇਸ ਗੱਲ ਦਾ ਹੈ ਕਿ ਇਸ ਵਿਸ਼ੇ ਉੱਤੇ ਉਹ ਸਿਮਟ ਸਿਮਟ ਕੇ ਕਿਉਂ ਲਿਖਦੇ ਹਨ। ਉਨ੍ਹਾਂ ਨੂੰ ਪੂਰੀ ਖੁੱਲ੍ਹ ਦਿਓ ਕਿ ਉਹ ਦਿਲ ਭਰ ਕੇ ਲਿਖਣ। ਉਨ੍ਹਾਂ ਦਾ ਭਰਵਾਂ ਲਿਖਿਆ ਹੋਇਆ, ਆਉਣ ਵਾਲੀਆਂ ਨਸਲਾਂ ਲਈ ਇਕ ਬੜਾ ਵੱਡਾ ਸਰਮਾਇਆ ਹੋਵੇਗਾ। ਇਸ ਅਮੀਰ ਵਿਰਸੇ ਨੂੰ ਸਾਂਭਣਾ ਸਾਡਾ ਸਭਨਾਂ ਦਾ ਧਰਮ ਫਰਜ਼ ਬਣਦਾ ਹੈ।

ਸ੍ਰੀ ਨਾਗਪਾਲ ਜੀ ਨੇ ਆਪਣੇ ਕੁਝ ਲੇਖਾਂ ਵਿਚ ਹੀ ਉਹ ਕੁਝ ਕਰ ਵਿਖਾਇਆ ਹੈ, ਜਿਹੜਾ ਕੁਝ ਬੰਦੇ ਆਪਣੀਆ ਮੋਟੀਆਂ ਮੋਟੀਆਂ ਕਿਤਾਬਾਂ ਲਿਖ ਕੇ ਵੀ ਨਹੀਂ ਕਰ ਸਕੇ।

ਇਸ ਦੇ ਇਵਜ਼ ਵਿਚ ਮੈਂ ਤਾਂ ਇਹ ਸੋਚ ਰਿਹਾ ਹਾਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਇਨ੍ਹਾ ਲਈ ਉਮਰ ਭਰ ਦੀ ਪੈਨਸ਼ਨ ਲਾ ਦੇਣੀ ਚਾਹੀਦੀ ਹੈ।

ਜ਼ਰਾ ਵੇਖੋ ਤਾਂ ਸਹੀ ਕਿ ਇਸ ਸਦੀ ਦੇ ਉਨ੍ਹਾਂ ਨੇ ਹਰ ਵੱਡੇ ਰਬਾਬੀ ਨੂੰ ਸੁਣਿਆ ਹੈ ਜਿਵੇਂ ਭਾਈ ਸਾਈਂ ਦਿੱਤਾ, ਭਾਈ ਮੰਦਾ, ਭਾਈ ਨਸੀਰਾ, ਭਾਈ ਅਮੀਰਾ, ਭਾਈ ਲਾਲ ਭਾਈ ਸੁੰਦਰ, ਭਾਈ ਚਾਂਦ ਆਦਿ। ਉਨ੍ਹਾਂ ਨੇ ਇਨ੍ਹਾਂ ਵੱਡੇ ਰਬਾਬੀਆਂ ਦੀਆਂ ਕੇਵਲ ਅੱਖੀ ਹੀ ਨਹੀਂ ਵੇਖਿਆ ਸਗੋਂ ਉਨ੍ਹਾਂ ਦੇ ਸਾਹਮਣੇ ਬੈਠ ਬੈਠ ਕੇ, ਉਨ੍ਹਾਂ ਨੂੰ ਦਿਲ ਭਰ ਭਰ ਕੇ ਵੀ ਸੁਣਿਆ ਹੋਇਆ ਹੈ। ਸੋ ਇਸ ਹਿਸਾਬ ਨਾਲ ਵੀ ਸਾਡੇ ਵਿਚੋਂ ਇਨ੍ਹਾਂ ਨਾਲੋਂ ਹੋਰ ਕਿਹੜਾ ਵੱਡਾ ਕਰਮਾਂ ਵਾਲਾ ਹੋ ਸਕਦਾ ਹੈ। ਖੁਸ਼ੀ ਦੀ ਗੱਲ ਹੈ ਕਿ ਮੇਰੇ ਕੋਲ ਅੰਮ੍ਰਿਤਸਰ ਸਾਹਿਬ ਦੇ ਬਹੁਤੇ ਰਬਾਬੀਆਂ ਦੇ ਚਿਤਰ ਸਾਂਭੇ ਪਏ ਹਨ।

ਮੈਂ ਤਾਂ ਆਖਾਂਗਾ ਕਿ ਇਹ ਉਹ ਸ਼ਖਸੀਅਤ ਹੈ ਜਿਸ ਦੇ ਸੀਨੇ ਵਿਚ ਲਗਪਗ ਇਕ ਸਦੀ ਦੇ ਸੰਗੀਤ ਦੀ ਸ਼ੀਰਨੀ ਅਤੇ ਸੁਗੰਧੀ ਸਮੋਈ ਪਈ ਹੈ। ਆਓ ਆਪਾਂ 'ਇਕ ਯੁਗ' ਦੀ ਨਿਸ਼ਾਨੀ ਨੂੰ ਰੱਜ ਕੇ ਪਿਆਰ ਸਤਿਕਾਰ ਦੇਈਏ।

ਬਲਬੀਰ ਸਿੰਘ ਕੰਵਲ 2 Albert Road, ILFORD—London
Essex - 191-1 HL U.K.

(ਬਾਕੀ ਸਫਾ 5 ਤੇ)

# ਅੰਮ੍ਰਿਤ ਕੀਰਤਨ

# Amrit Kirtan    अमृत कीर्तन

ਅੰਕ 18    ਨਵੰਬਰ 1990

ਸੰਪਾਦਕ (ਆਨਰੇਰੀ)
ਡਾ ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
ਸੈਕਟਰ 15-ਏ,
ਚੰਡੀਗੜ੍ਹ- 60015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

## ਵਿਸ਼ਾ    ਪੰਨਾ

1. ਤੁਹਾਡੇ ਪੱਤਰ — 2
2. ਕਰਉ ਬੇਨੰਤੀਆ — 4
3. ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ
   ਪ੍ਰਿੰਸੀਪਲ ਸਾਹਿਬ ਸਿੰਘ — 6
4. ਗੁਰੂ ਨਾਨਕ ਅਨਮੋਲ ਬਚਨ
   —ਪ੍ਰਿੰਸੀਪਲ ਹਰਿਭਜਨ ਸਿੰਘ — 9
5. ਰਾਗੀ ਸਿੰਘਾਂ ਅਤੇ ਗੁਰਦੁਆਰਾ
   ਪ੍ਰਬੰਧਕਾਂ ਨੂੰ ਸੁਝਾਅ — 11
   — ਕਰਮ ਸਿੰਘ ਰਤਨ
6. ਰਾਗ ਬਗੇਸ਼ਵਰੀ
   — ਗਿਆਨੀ ਹਰਮਿੰਦਰ ਸਿੰਘ — 20
7. ਭਾਈ ਹਰਚਰਨ ਸਿੰਘ ਦਰਵੇਸ਼ — 22
   —ਇੰਦਰਜੀਤ ਸਿੰਘ ਗੋਗੋਆਣੀ
8. ਗੁਰਬਾਣੀ ਕੀਰਤਨ ਤੇ ਪ੍ਰਮਾਣ
   — ਜੋਗਿੰਦਰ ਸਿੰਘ ਗੁਜਰਾਂਵਾਲੀਆ — 24
9. ਗੁਰਮਤਿ ਸੰਗੀਤ ਦਾ ਉਦੇਸ਼
   — ਬਲਜੀਤ ਕੌਰ ਤੁਲਸੀ — 26
10. ਭਿੰਨੀ ਰੈਨੜੀਏ ਚਮਕਨ ਤਾਰੇ
   — ਹਰਜਾਪ ਸਿੰਘ ਅਮਰੀਕਾ — 28
11. ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ
   ਦਾ ਵਰਗੀਕਰਣ — 30
   — ਆਵਤ ਸਿੰਘ

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਰਉ ਬੇਨੰਤੀਆ

## ਆਓ ਅੱਗ ਬੁਝਾਈਏ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਕੁਝ ਸਾਲ ਪਹਿਲਾਂ ਪ੍ਰੋਗਰਾਮ ਬਣਾਇਆ ਸੀ ਕਿ ਚੰਡੀਗੜ੍ਹ ਵਿੱਚ ਇੱਕ ਗੁਰਮਤ ਵਿਦਿਆਲਾ ਸਥਾਪਤ ਕੀਤਾ ਜਾਵੇ। ਨਿਰੰਕਾਰੀ ਦਰਬਾਰ ਸੈਕਟਰ 21 ਵਿੱਚ ਥਾਂ ਵੀ ਮਿਲ ਗਈ। ਅਧਿਆਪਕ ਵੀ ਤਿਆਰ ਸਨ ! ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਬੀਬੀ ਬਲਜੀਤ ਕੌਰ ਤੁਲਸੀ, ਡਾ. ਜਗਜੀਤ ਸਿੰਘ ਸਲੂਜਾ ਜੋ ਅੱਜ ਕਲ੍ਹ ਗੁਰਮਤ ਕਾਲਜ ਪਟਿਆਲਾ ਵਿੱਚ ਪ੍ਰਿੰਸੀਪਲ ਹਨ ! ਪ੍ਰੋ. ਸ਼ਾਮ ਸਿੰਘ ਪੰਜਾਬੀ ਟ੍ਰਿਬਿਊਨ, ਇਹਨਾਂ ਸਤਰਾਂ ਦਾ ਲੇਖਕ ਅਤੇ ਸ਼ਾਇਦ ਹੋਰ ਵੀ ! ਉਹਨਾਂ ਦਿਨਾਂ ਵਿੱਚ ਪੰਜਾਬ ਦੇ ਹਾਲਾਤ ਬਦ ਤੇ ਬਦਤਰ ਹੋਈ ਜਾ ਰਹੇ ਸਨ ! ਵਿਦਿਆਰਥੀਆਂ ਦੀ ਘਾਟ ਕਾਰਨ ਕਲਾਸਾਂ ਤਾਂ ਘਟ ਵਧ ਹੀ ਲਗਦੀਆਂ ਸਨ ਪਰ ਅਸੀਂ ਸਾਰੇ ਬੈਠੇ ਚਰਚਾ ਜ਼ਰੂਰ ਕਰਦੇ ਰਹਿੰਦੇ ਸਾਂ ।

ਇੱਕ ਸ਼ਾਮ ਅਸੀਂ ਸਾਰੇ ਉਦਾਸ ਤੇ ਨਿਰਾਸ਼ ਬੈਠੇ ਸਾਂ ! ਇੰਜ ਜਾਪ ਰਿਹਾ ਸੀ ਕਿ ਅਸੀਂ ਹੁਣ ਕੁਝ ਵੀ ਨਹੀਂ ਕਰ ਸਕਦੇ ਤਾਂ ਬੀਬੀ ਤੁਲਸੀ ਜੀ ਨੇ ਇੱਕ ਸਾਖੀ ਸੁਣਾਈ ——

ਕਹਿੰਦੇ ਨੇ ਜਦੋਂ ਬਾਬਰ ਨੇ ਲਾਹੌਰ ਤੇ ਹਮਲਾ ਕੀਤਾ ਤਾਂ ਸਾਰੇ ਸ਼ਹਿਰ ਨੂੰ ਅੱਗ ਲਾ ਦਿੱਤੀ ਅਤੇ ਹੁਕਮ ਵੀ ਕਰ ਦਿੱਤਾ ਕਿ ਇਸ ਅੱਗ ਨੂੰ "ਕੋਈ ਬੁਝਾਏ ਨਾ" ! ਤ ਇਕ ਵਿਅਕਤੀ ਆਪਣੀ ਮਸ਼ਕ ਲੈ ਕੇ ਅੱਗ ਬਝਾਉਣ ਲੱਗ ਪਿਆ ! ਸਿਪਾਹੀ ਅਤੇ ਹੋਰ ਲੋਕ ਉਸ ਨੂੰ ਕਹਿਣ ਲੱਗੇ "ਬਾਬਰ ਦਾ ਹੁਕਮ ਹੈ ਕੋਈ ਅੱਗ ਨਾ ਬੁਝਾਏ"। ਪਰ ਉਹ ਆਪਣੀ ਮਸ਼ਕ ਭਰ ਲਿਆਉਂਦਾ ਰਿਹਾ ਅਤੇ ਅੱਗ ਨੂੰ ਬੁਝਾਉਣ ਦਾ ਜਤਨ ਕਰਦਾ ਰਿਹਾ।

ਬਾਬਰ ਨੇ ਆਪਣੇ ਸਿਪਾਹੀਆਂ ਤੋਂ ਪੁੱਛਿਆ, "ਸ਼ਹਿਰ ਠੀਕ ਤਰ੍ਹਾਂ ਸੜ ਰਿਹਾ ਹੈ ਕਿ ਨਹੀਂ" ! ਸਾਰਿਆਂ ਨੇ ਕਿਹਾ," ਸ਼ਹਿਰ ਚੰਗੀ ਤਰ੍ਹਾਂ ਸੜ ਰਿਹਾ ਹੈ " । ਫਿਰ ਉਸਨੇ ਪੁੱਛਿਆ" ਕੋਈ ਅੱਗ ਬੁਝਾ ਤਾਂ ਨਹੀ ਰਿਹਾ ?" ਸਿਪਾਹੀਆਂ ਨੇ ਕਿਹਾ "ਹੋਰ ਤਾਂ ਕੋਈ ਨਹੀਂ ਪਰ ਇੱਕ ਵਿਅਕਤੀ ਜਿਸ ਨੂੰ ਭਾਈ ਤਾਰਾ ਕਹਿੰਦੇ ਹਨ ਉਹ ਅੱਗ ਬੁਝਾ ਰਿਹਾ ਹੈ। ਫਿਕਰ ਨਾ ਕਰੋ ਉਸ ਇਕੱਲੇ ਦੇ ਬੁਝਾਇਆਂ ਅੱਗ ਬੁਝਣੀ ਨਹੀਂ।"

ਬਾਬਰ ਨੇ ਕਿਹਾ "ਉਸ ਨੂੰ ਫੜ ਕੇ ਲਿਆਓ ! ਭਾਵੇਂ ਉਸ ਦੇ ਬੁਝਾਇਆਂ ਅੱਗ ਨਹੀਂ ਬੁਝਣੀ ਪਰ ਇਹ ਹੁਕਮ ਅਦੂਲੀ ਤਾਂ ਹੈ" ਸਿਪਾਹੀ ਭਾਈ ਤਾਰਾ ਨੂੰ ਫੜ ਲਿਆਏ ਬਾਬਰ ਨੇ ਭਾਈ ਤਾਰਾ ਨੂੰ ਪੁੱਛਿਆ, "ਤੈਨੂੰ ਪਤਾ ਹੈ ਕਿ ਅੱਗ ਕਿਸ ਨੇ ਲਗਾਈ ਹੈ?" ਭਾਈ ਤਾਰਾ ਨੇ ਕਿਹਾ, "ਸਰਕਾਰ ਨੇ" ਫਿਰ ਤਾਂ ਤੈਨੂੰ ਇਹ ਵੀ ਪਤਾ ਹੋਣਾ ਹੈ ਕਿ ਅਸੀਂ ਅੱਗ ਲਾਉਣ ਲਈ ਹੁਕਮ ਦਿੱਤਾ

ਹੋਇਆ ਅਤੇ ਬੁਝਾਉਣ ਦੀ ਮਨਾਹੀ ਕੀਤੀ ਹੋਈ ਹੈ।'' ਬਾਬਰ ਨੇ ਕਿਹਾ ! ਭਾਈ ਤਾਰਾ ਕਹਿਣ ਲੱਗਾ,, ''ਪਰ ਮੇਰੇ ਗੁਰੂ ਦਾ ਹੁਕਮ ਹੈ ਕਿ ਕਿਤੇ ਵੀ ਅੱਗ ਨਾ ਲਾਈ ਜਾਵੇ ਅਤੇ ਜੇ ਕਿਤੇ ਲੱਗੀ ਹੋਈ ਹੈ ਤਾਂ ਉਸ ਨੂੰ ਬੁਝਾਇਆ ਜਾਵੇ।''

ਬਾਬਰ ਕਹਿਣ ਲੱਗਾ, ''ਜਦੋਂ ਸਾਰੀ ਸਰਕਾਰ ਅੱਗ ਲਾ ਰਹੀ ਹੈ ਅਤੇ ਲੋਕੀਂ ਵੀ ਡਰਦੇ ਮਾਰੇ ਬੁਝਾ ਨਹੀ ਰਹੇ ਤਾਂ ਫਿਰ ਤੂੰ ਇਕੱਲਾ ਇਹ ਅੱਗ ਬੁਝਾ ਲਵੇਂਗਾ ?''

ਭਾਈ ਤਾਰਾ ਕਹਿਣ ਲੱਗਾ, ''ਆਪਣੀ ਮਸ਼ਕ ਨਾਲ ਜਿੰਨੀ ਵੀ ਬੁਝਾ ਸਕਿਆ ਬੁਝਾਵਾਂਗਾ ! ਨਾ ਵੀ ਬੁਝੇ, ਮੈਂ ਆਪਣੇ ਗੁਰੂ ਦਾ ਹੁਕਮ ਮੰਨ ਕੇ ਜਤਨ ਤਾਂ ਕਰ ਰਿਹਾ ਹਾਂ।''

ਸਾਖੀ ਸੁਣਾ ਕੇ ਬੀਬੀ ਜੀ ਕਹਿਣ ਲੱਗੇ, ਆਓ ਆਪਾਂ ਵੀ ਜਿੰਨੀ ਬੁਝਾ ਸਕਦੇ ਹਾਂ ਬੁਝਾਈਏ ! ਕੌੜਾ ਬੋਲ ਕੇ, ਨਿੰਦਿਆ, ਈਰਖਾ, ਚੁਗਲੀ ਕਰਕੇ ਅੱਗ ਲਾਈਏ ਤਾਂ ਨਾ ! ਮਿੱਠਾ ਬੋਲ ਕੇ ਗੁਰਬਾਣੀ ਦਾ ਪ੍ਰਚਾਰ ਕਰਕੇ ਜਿੰਨੀ ਬੁਝਾ ਸਕਦੇ ਹਾਂ ਬੁਝਾਈਏ —

—ਡਾ: ਜਾਗੀਰ ਸਿੰਘ

---

(ਪੰਨਾ 2 ਦੀ ਬਾਕੀ)

'ਅੰਮ੍ਰਿਤ ਕੀਰਤਨ ਟਰੱਸਟ (ਰਜਿਸਟਰਡ), ਚੰਡੀਗੜ੍ਹ' ਗੁਰਬਾਣੀ ਸੰਗੀਤ ਤੇ ਕੀਰਤਨ ਦੇ ਪ੍ਰਚਾਰ ਲਈ ਪ੍ਰਕਾਸ਼ਤ ਹੋ ਰਿਹਾ ''ਅੰਮ੍ਰਿਤ ਕੀਰਤਨ'' ਕੀਰਤਨ-ਅਭਿਲਾਖੀਆਂ ਤੇ ਕੀਰਤਨ-ਪ੍ਰੇਮੀਆਂ ਲਈ ਬਹੁਤ ਹੀ ਲਾਭਕਾਰੀ ਤੇ ਅਮੋਲਕ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ ਹੈ। ਇਸ ਦੀ ਦਿੱਖ ਬੜੀ ਮਨੋਹਰ ਹੁੰਦੀ ਹੈ ਅਤੇ ਇਸ ਵਿਚ ਛਪਦਾ ਮੈਟਰ ਭੀ ਬਹੁਤ ਜਾਣਕਾਰੀ ਭਰਪੂਰ ਹੁੰਦਾ ਹੈ। ਟਰੱਸਟ ਅਤੇ ਸ੍ਰ. ਜਾਗੀਰ ਸਿੰਘ ਦੇ ਇਸ ਉੱਦਮ, ਲਗਨ ਤੇ ਮਿਹਨਤ ਲਈ ਪ੍ਰਸੰਸਾ ਪ੍ਰਗਟ ਕਰਨ ਨੂੰ ਆਪ ਮੁਹਾਰੇ ਜੀਅ ਕਰਦਾ ਹੈ।

''ਅੰਮ੍ਰਿਤ ਕੀਰਤਨ'' ਦੇ ਕਾਰਨ ਅੱਜ ਮੁੜ ''ਕਵੀ'' ਮਾਸਿਕ ਪੱਤਰ, ਜਿਸ ਨੂੰ ਸਰਦਾਰ ਮੁਨਾਸਬ ਸਿੰਘ 'ਦੁਖੀ' ਕਲਕੱਤੇ ਤੋਂ ਪ੍ਰਕਾਸ਼ਤ ਕੀਤਾ ਕਰਦੇ ਸਨ ਅਤੇ ਜੋ ਮੇਰੇ ਵਿਦਿਆਰਥੀ ਜੀਵਨ ਸਮੇਂ ਦੀ ਇਕ ਅਦੁੱਤੀ ਤੇ ਅਭੁੱਲ ਯਾਦ ਹੈ, ਦੀ ਯਾਦ ਤਾਜ਼ਾ ਹੋ ਗਈ ਹੈ। 'ਦੁਖੀ' ਜੀ ਅਤੇ ''ਕਵੀ'' ਮਾਸਿਕ ਪੱਤਰ ਸਦਕਾ ਕਈ ਨੌਜਵਾਨ ਪ੍ਰਸਿੱਧ ਕਵੀ ਬਣੇ ਸਨ। ਆਸ ਹੈ, ''ਅੰਮ੍ਰਿਤ ਕੀਰਤਨ'' ਭੀ ਕੀਰਤਨ ਤੇ ਰਾਗ ਪ੍ਰੇਮੀਆਂ ਲਈ ਬਹੁਤ ਲਾਭ-ਕਾਰੀ ਸਾਬਤ ਹੋਵੇਗਾ। ਜਿਵੇਂ 'ਦੁਖੀ' ਜੀ ਨੇ ਬੜਾ ਬਿਖੜਾ ਤੇ ਔਕੜਾਂ ਭਰਿਆ ਰਸਤਾ ਚੁਣਿਆ ਸੀ, ਤਿਵੇਂ ਹੀ 'ਅੰਮ੍ਰਿਤ ਕੀਰਤਨ ਟਰੱਸਟ' ਨੇ ਉਹੋ ਜਿਹਾ ਹੀ ਰਾਹ ਅਪਨਾਇਆ ਹੈ। ਅਕਾਲ ਪੁਰਖ 'ਟਰੱਸਟ' ਨੂੰ ਸਫਲਤਾ ਬਖਸ਼ੇ।

'ਅੰਮ੍ਰਿਤ ਕੀਰਤਨ'' ਵਿਖੇ ਜਿੱਥੇ ਭਾਈ ਹੀਰਾ ਸਿੰਘ ਜੀ ਰਾਗੀ, ਭਾਈ ਸੰਤਾ ਸਿੰਘ ਜੀ ਰਾਗੀ, ਭਾਈ ਸੁਰਜਨ ਸਿੰਘ ਜੀ ਰਾਗੀ ਤੇ ਭਾਈ ਸਮੁੰਦ ਸਿੰਘ ਜੀ ਰਾਗੀ ਆਦਿ ਸੰਬੰਧੀ ਵਾਕਫੀ ਭਰਪੂਰ ਲੇਖ ਛਪੇ ਹਨ, ਉਥੇ ਭੁੱਲੇ-ਵਿਸਰੇ ਪ੍ਰਸਿਧ ਪੁਰਾਤਨ ਕੀਰਤਨੀਏ ਭਾਈ ਖੜਕ ਸਿੰਘ ਜੀ ਰਾਗੀ ਤੇ ਭਾਈ ਪੂਰਨ ਸਿੰਘ ਜੀ ਰਾਗੀ ਸ੍ਰੀ ਦਰਬਾਰ ਸਾਹਿਬ,

(ਬਾਕੀ ਸਫਾ 8 ਤੇ)

# ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ

—ਪ੍ਰਿੰਸੀਪਲ ਸਾਹਿਬ ਸਿੰਘ

(ਤਲਵੰਡੀ ਰਾਇ ਭੁਇ ਵਿਚ ਸੰਨ ੧੪੬੯ ਤੋਂ ਅਕਤੂਬਰ ੧੫੦੪ ਤੱਕ)

(੧) ਜਨਮ-ਤਲਵੰਡੀ (ਵੈਸਾਖ ਸੁਦੀ ੩, ਵੈਸਾਖ ੨੦, ਸੰਮਤ ੧੫੨੬) ੧੫ ਅਪਰੈਲ ੧੪੬੯। ਉਮਰ ੭ ਸਾਲ, ਪਾਂਧੇ ਪਾਸ ਪੜ੍ਹਨ। ਉਮਰ ੯ ਸਾਲ, ਜਨੇਊ। ਉਮਰ ੧੧ ਸਾਲ, ਕੁੜਮਾਈ ਵਟਾਲੇ ਤੋਂ ਬਾਬਾ ਮੂਲੇ ਚੋਣੇ ਵਲੋਂ (ਵੈਸਾਖ ਵਦੀ ੧, ਸੰਮਤ ੧੫੪੨), ਉਸੇ ਸਾਲ ਸ਼ਾਦੀ।

(੨) ਉਮਰ ੨੦ ਸਾਲ; ਉਦਾਸ ਤੇ ਚੁੱਪ, ਵੈਦ ਸਾਖੀ (ਗੁਆਂਢ ਦੇ ਜੰਗਲ ਵਿਚ ਦੂਰੋਂ ਦੂਰੋਂ ਸਾਧੂ ਲੋਕ ਆ ਕੇ ਟਿਕਦੇ ਸਨ, ਉਹਨਾਂ ਤੋਂ ਰੋਜ਼ ਦੇਸ ਦੀ ਹਾਲਤ ਸੁਣਦੇ ਸਨ। ਉਸ ਉਤੇ ਡੂੰਘੀ ਵਿਚਾਰ ਵਿਚ ਪਏ ਚੁੱਪ ਤੇ ਉਦਾਸ ਮਾਪਿਆਂ ਨੂੰ ਜਾਪੇ ਤੇ ਵੈਦ ਬੁਲਾਇਆ ਗਿਆ)।

ਉਮਰ ੨੮ ਸਾਲ, ਜਨਮ ਬਾਬਾ ਸਿਰੀ ਚੰਦ। ਉਮਰ ੩੧ ਸਾਲ, ਜਨਮ ਬਾਬਾ ਲਖਮੀ ਚੰਦ।

(੩) ਉਮਰ ੩੪ ਸਾਲ, ਸਾਖੀ ਖਰਾ ਸੌਦਾ।

ਉਮਰ ੩੫ ਸਾਲ ੬ ਮਹੀਨੇ (ਨਵੰਬਰ ਸੰਨ ੧੫੦੪), ਭਾਈ ਜੈ ਰਾਮ ਜੀ (ਬੇਬੇ ਨਾਨਕੀ ਜੀ ਦੇ ਪਤੀ) ਨੇ ਚਿੱਠੀ ਘੱਲੀ ਕਿ ਏਥੇ ਅਸਾਡੇ ਪਾਸ ਆਓ। ਪਿਤਾ ਕਾਲੂ ਜੀ ਦੀ ਆਗਿਆ ਅਨੁਸਾਰ ਸੁਲਤਾਨਪੁਰ ਭਾਈ ਜੈਰਾਮ ਜੀ ਪਾਸ ਚਲੇ ਗਏ।

## ਸੁਲਤਾਨਪੁਰ

ਨਵੰਬਰ ੧੫੦੪ ਤੋਂ ਅਕਤੂਬਰ ੧੫੦੭ ਤਕ ਸੁਲਤਾਨਪੁਰ ਰਹੇ।

**੧.** ਨਵਾਬ ਦੌਲਤ ਖਾਂ ਦੇ ਮੋਦੀ, ਪਰਵਾਰ ਨੂੰ ਏਥੇ ਸਦਾ ਲਿਆ। ਪਿਤਾ ਕਾਲੂ ਜੀ ਭੀ ਮਿਲਣ ਆਏ। ਭਾਈ ਮਰਦਾਨਾ ਭੀ ਪਾਸ ਆ ਰਿਹਾ।

੨. ਮੈਲਸੀ ਦਾ ਭਾਈ ਭਗੀਰਥ ਸਿੱਖ ਬਣਿਆ, ਇਸ ਦੀ ਰਾਹੀਂ ਲਾਹੌਰ ਦਾ ਭਾਈ ਮਨਸੁਖ ਸਿੱਖ ਹੋਇਆ. ਗੁਰੂ ਜੀ ਦੇ ਪਾਸ ਹੀ ਰਿਹਾ। ਸੁਲਤਾਨਪੁਰ ਛੱਡਣ ਤੋਂ ਪਹਿਲਾਂ ਇਸ ਨੂੰ ਭੀ ਵਪਾਰ ਲਈ ਭੇਜ ਦਿੱਤਾ।

੩. ਉਮਰ ੩੮ ਸਾਲ ੬ ਮਹੀਨੇ (ਸਤੰਬਰ ੧੫੦੭) ਸਾਖੀ ਵੇਈਂ ਨਦੀ। ਕਾਜ਼ੀ ਤੇ ਨਵਾਬ ਨਾਲ ਨਮਾਜ਼।

੪. ਪਰਵਾਰ ਨੂੰ ਬਾਬਾ ਮੂਲਾ ਜੀ ਦੇ ਸਪੁਰਦ। ਭਾਈ ਮਰਦਾਨੇ ਨੂੰ ਨਾਲ ਲਿਆ।

## ਪਹਿਲੀ ਉਦਾਸੀ

ਪਹਿਲੀ ਉਦਾਸੀ, ਅਕਤੂਬਰ ੧੫੦੭ ਤੋਂ ੧੫੧੫ ਤਕ ਹਿੰਦੂ ਤੀਰਥ ਵੇਖੇ।

੧. ਮਾਤਾ ਪਿਤਾ ਨੂੰ ਮਿਲਣ ਤਲਵੰਡੀ; ਐਮਨਾਬਾਦ, ਮਲਕ ਭਾਗੋ, ਸਾਈਂ ਬੁੱਢਣ ਸ਼ਾਹ (ਕੀਰਤਪੁਰ ਜਿਥੇ ਵਸਿਆ)।

੨. ਹਰਿਦੁਆਰ, ਪੱਛਮ ਵਲ ਪਾਣੀ ਦੇਣਾ, ਵੈਸ਼ਨਵ ਸਾਧੂ ਦਾ ਚੌਂਕਾ। ਨਾਨਕ ਮਤਾ, ਕੰਨ ਪਾਟੇ ਜੋਗੀ, ਏਥੋਂ ੩੦ ਕੋਹ ਤੇ ਰੇਠਿਆਂ ਦਾ ਜੰਗਲ, ਮਿੱਠਾ ਰੀਠਾ। ਅਜੁੱਧਿਆ, ਪਿਰਾਗ, ਬਨਾਰਸਿ, ਪੰਡਿਤ ਚਤੁਰਦਾਸ 'ਸਾਲਗ ਰਾਮ ਬਿਪ.. ...'। ਗਇਆ 'ਦੀਵਾ ਮੇਰਾ ਏਕੁ ਨਾਮੁ'।

੩. ਪਟਨਾ 'ਸਾਲਸ ਰਾਇ ਜੌਹਰੀ ਤੇ ਅਧਰਕਾ, ੪ ਮਹੀਨੇ, ਗੋਰਖਪੁਰ।

੪. ਆਸਾਮ (ਧਨਪੁਰ) ਨੂਰਸ਼ਾਹ ਦੀ ਸਾਖੀ, ਜਾਦੂ ਟੂਣੇ। ਕਲਕਤੇ ਤੋਂ ਜਗਨ-ਨਾਥ ਪੁਰੀ, ਗਗਨ ਮੈਂ ਥਾਲ..... ।

੫ ਸਮੁੰਦਰ ਦੇ ਕੰਢੇ, ਰਾਮੇਸ੍ਵਰ ਤੀਰਥ, ਰਾਜਾ ਸ਼ਿਵ ਨਾਭ। ਪੱਛਮੀ ਕੰਢਾ ਸੋਮਨਾਥ, ਦੁਆਰਕਾ।

੬. ਨਰਬਦਾ ਨਦੀ ਦੇ ਕੰਢੇ, 'ਮੰਦਰ ਓਅੰਕਾਰ', ਸ਼ਿਵਾ ਦਾ ਮੰਦਰ, ਇਸ ਸੰਬੰਧੀ ਬਾਣੀ 'ਓਅੰਕਾਰ'। ਠੱਗਾਂ ਤੇ ਮਾਣਸਖਾਣਿਆਂ ਨਾਲ ਵਾਹ, ਕੌਡਾ।

੭. ਰਿਆਸਤ ਬੀਕਾਨੇਰ, ਅਨਭੀ ਸਰੇਵੜਾ "ਸਿਰੁ ਖੋਹਾਇ...", ਪੁਸ਼ਕਰ ਤੀਰਥ ਮਥੁਰਾ, 'ਕਿਤੈ ਦੇਸਿ ਨ ਆਇਆ'। ਬਿੰਦਰਾਬਨ 'ਵਾਇਨਿ ਚੇਲੇ...'।

੮. ਦਿੱਲੀ, ਸਿਕੰਦਰ ਦਾ ਹਾਥੀ ਮਰਿਆ, ਪਾਨੀਪਤ। ਕੁਰਖੇਤ੍ਰ, ਪੰਡਿਤ ਨਾਨੂ, 'ਮਾਸ' ਦੀ ਚਰਚਾ।

੯. ਸੁਲਤਾਨ ਪੁਰ ਬੇਬੇ ਨਾਨਕੀ ਜੀ ਨੂੰ ਮਿਲੇ, ਤਲਵੰਡੀ ਮਾਤਾ ਪਿਤਾ ਨੂੰ।

੧੦, ਪੱਖੋ ਕੇ ਰੰਧਾਵੇ (ਰਾਵੀ ਦੇ ਕੰਢੇ) ਪਰਵਾਰ ਨੂੰ ਮਿਲਣ ਗਏ ਸਨ, ਕਰੋੜੀ ਮਲ, ਕਰਤਾਰਪੁਰ ਵਸਾਇਆ (੧੩ ਮਾਘ ਸੰਮਤ ੧੫੭੨, ਸੰਨ ੧੫੧੬ ਦਾ ਸ਼ੁਰੂ)। ਮਾਤਾ ਪਿਤਾ ਭੀ ਏਥੇ। ਦੋ ਕੁ ਸਾਲ ਏਥੇ ਰਹੇ।

## ਦੂਜੀ ਉਦਾਸੀ

ਦੂਜੀ ਉਦਾਸੀ, ੧ ਸਾਲ, ਉਤਰ ਖੰਡ, ਕਰਤਾਰ ਪੁਰੋਂ (ਸੰਨ ੧੫੧੭ ਤੋਂ ੧੫੧੮)

੧: ਪਸਰੂਰ, ਐਮਨਾਬਾਦ, ਸਿਆਲ ਕੋਟ, ਹਮਜ਼ਾ ਗੌਂਸ ਦੀ ਸਾਖੀ।

੨. ਪੰਡਿਤ ਬ੍ਰਹਮਦਾਸ ਤੇ ਕਮਾਲ, ਸੁਮੇਰ ਪਰਬਤ, ਜੋਗੀਆਂ ਤੇ ਸਿੱਧਾਂ ਨੂੰ ਮਿਲੇ।

੩. ਸਿਆਲ ਕੋਟ, ਮੂਲਾ ਖੱਤ੍ਰੀ। ਸੰਨ ੧੫੧੮ ਵਿਚ ਕਰਤਾਰਪੁਰ ਵਾਪਸ।

## ਤੀਜੀ ਉਦਾਸੀ

ਤੀਜੀ ਉਦਾਸੀ, ੩ ਕੁ ਸਾਲ, ਪੱਛਮ ਦੇਸ, ਸੰਨ ੧੫੧੮ ਤੋਂ ੧੫੨੧, ਕਰਤਾਰ ਪੁਰੋਂ।

੧. ਪਾਕਪਟਨ, ਸ਼ੇਖ ਬ੍ਰਹਮ। ਤੁਲੰਭਾ, ਸੱਜਣ ਠੱਗ, 'ਉਜਲੁ ਕੈਹਾ.....
ਰਿਆਸਤ ਬਹਾਵਲਪੁਰ ਰੋਹੜੀ ਸੱਖਰ, ਸਾਧ ਬੇਲਾ।

੨. ਮੱਕਾ, ਜੀਊਣ ਨੇ ਪੈਰੋਂ ਘਸੀਟਿਆ। ਰੁਕਨ ਦੀਨ ਦੀ ਚਰਚਾ, ਖੜਾਂਵ ਨਿਸ਼ਾਨੀ, ਮਦੀਨਾ।

੩. ਬਗਦਾਦ ਕਬਰਿਸਤਾਨ ਵਿਚ, ਕੀਰਤਨ, ਮੂਲ ਮੰਤਰ, 'ਪਾਤਾਲਾ ਪਤਾਲ—' ਬਲਖ ਬੁਖਾਰਾ, ਕਾਬਲ (ਪਸ਼ੌਰ) ਗੋਰਖ ਹਟੜੀ।

੪. ਹਸਨ ਅਬਦਾਲ, ਵਲੀ ਕੰਧਾਰੀ ਦੀ ਸਾਖੀ। ਭੇਰਾ, ਸ਼ਹੁ ਸੋਹਾਗਣ ਦੀ ਸਾਖੀ ਡਿੰਗਾ, ਇਕ ਜੋਗੀ ਦਾ ਚਲੀਹਾ।

੫, ਐਮਨਾਬਾਦ, (ਸੰਨ ੧੫੨੧) ਬਾਬਰ ਦਾ ਹਮਲਾ। ਕਰਤਾਰਪੁਰ ਵਾਪਸ ਆਏ (ਉਦਾਸੀਆਂ ਖਤਮ)।

## ਕਰਤਾਰਪੁਰ ੧੫੨੧ ਤੋਂ ਸਤੰਬਰ ੧੫੩੯ ਤਕ

੬. ਰਮਦਾਸ ਦਾ ਬਾਲਕ ਬੂੜਾ (ਬਾਬਾ ਬੁੱਢਾ ਜੀ)।

੨. ਬਾਬਾ ਲਹਣਾ ਜੀ ਅਕਤੂਬਰ ਸੰਨ ੧੫੩੨ ਵਿਚ।

੩. ਅਚਲ ਵਟਾਲੇ, ਜੋਗੀਆਂ ਨਾਲ ਚਰਚਾ, 'ਸਿਧ ਗੋਸਿਟ' (ਮਾਰਚ ੧੫੩੯)। ਮੁਲਤਾਨ, ੧੫੯੬।

੪. ਗੁਰਿਆਈ ਬਾਬਾ ਲਹਣਾ ਜੀ ਨੂੰ ਅਸੂ ਸੁਦੀ ੫, ੧੫੯੬ (ਸਤੰਬਰ ੧੫੩੯), ਜੋਤੀ ਜੋਤਿ ਅਸੂ ਸੁਦੀ ੧੦, ੧੫੯੬ (ਸਤੰਬਰ ੧੫੩੯)। ਕੁਲ ਉਮਰ ੭੦ ਸਾਲ, ੫ ਮਹੀਨੇ ੭ ਦਿਨ।

(ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿਚੋਂ ਧੰਨਵਾਦ ਸਹਿਤ)।

---

(ਸਫ਼ਾ 5 ਦੀ ਬਾਕੀ)

ਸ੍ਰੀ ਤਰਨਤਾਰਨ ਵਾਲੇ ਅਤੇ ਸਰਦਾਰ ਗਿਆਨ ਸਿੰਘ ਜੀ ਅਲਮਸਤ, ਭਾਈ ਛਾਂਗਾਂ ਸਿੰਘ ਜੀ ਰਾਗੀ ਗੁ: ਸ੍ਰੀ ਡੇਹਰਾ ਸਾਹਿਬ, ਲਾਹੌਰ, ਭਾਈ ਮੋਹਕਮ ਸਿੰਘ ਜੀ ਰਾਗੀ ਗੁ: ਸ਼ਹੀਦ ਗੰਜ ਸਿੰਘਣੀਆਂ, ਲਾਹੌਰ; ਭਾਈ ਸੁੰਦਰ ਸਿੰਘ ਜੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਭਾਈ ਗੁਰਸੁਖ ਸਿੰਘ, ਸਰਮੁਖ ਸਿੰਘ ਜੀ ਰਾਗੀ ਸ੍ਰੀ ਨਨਕਾਣਾ ਸਾਹਿਬ ਵਾਲੇ ਭਾਈ ਪਿਆਰਾ ਸਿੰਘ ਜੀ ਰਾਗੀ ਪਟਿਆਲਾ ਅਤੇ ਭਾਈ ਦੇਸਾ ਜੀ ਰਬਾਬੀ ਆਦਿ ਸੰਬੰਧੀ ਜਾਣਕਾਰੀ ਇਕੱਤਰ ਕਰਕੇ ਸੰਗਤਾਂ ਦੀ ਗਿਆਤ ਤੇ ਰਿਕਾਰਡ ਲਈ "ਅੰਮ੍ਰਿਤ ਕੀਰਤਨ" ਵਿਚ ਪ੍ਰਕਾਸ਼ਤ ਕਰਨ ਦੇ ਯਤਨ ਹੋਣੇ ਚਾਹੀਦੇ ਹਨ।

ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪ੍ਰਿਤ ਤਕਰੀਬਨ ਖਤਮ ਹੋ ਰਹੀ ਹੈ ਆਸ ਹੈ, 'ਅੰਮ੍ਰਿਤ ਕੀਰਤਨ' ਇਸ ਪਰਪਾਟੀ ਨੂੰ ਦੁਬਾਰਾ ਪ੍ਰਚਲਤ ਕਰਨ ਲਈ ਪ੍ਰੇਰਨਾ ਸਰੋਤ ਸਾਬਤ ਹੋਵੇਗਾ। ਸ਼੍ਰੋ: ਕਮੇਟੀ, ਲੋਕਲ ਗੁਰਦੁਆਰਾ ਕਮੇਟੀਆਂ, ਸਿੱਖ ਸਭਾ ਸੁਸਾਇਟੀਆਂ, ਪੰਥਕ ਅਦਾਰਿਆਂ, ਵਿਦਿਅਕ ਸੰਸਥਾਵਾਂ, ਕੀਰਤਨ ਪ੍ਰੇਮੀਆਂ ਤੇ ਦਾਨੀ ਸੱਜਣਾਂ ਨੂੰ "ਅੰਮ੍ਰਿਤ ਕੀਰਤਨ" ਦੀ ਵੱਧ ਤੋਂ ਵੱਧ ਸਹਾਇਤਾ ਕਰਕੇ ਇਸ ਨੂੰ ਪ੍ਰਫੁਲਤ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਇਹ ਅਮੋਲਕ ਬੂਟਾ ਫਲ-ਫੁੱਲ ਸਕੇ।

1 ਅਕਤੂਬਰ, 1990 (ਮਹਿੰਦਰ ਸਿੰਘ ਗਿਆਨੀ)

# ਗੁਰੂ ਨਾਨਕ ਅਨਮੋਲ ਬਚਨ

—ਪ੍ਰਿੰਸੀਪਲ ਹਰਿਭਜਨ ਸਿੰਘ

## GEMS OF THOUGHTS
## from
## GURU NANAK'S TEACHINGS

(ੳ ਤ, अ)

1— ੴ ਸਤਿ ਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

१ ओं सति नामु करता पुरखु निरभउ निरवैरु ।।
अकाल मूरति अजुनी सैभं गुर प्रसादि ।।

The e is but One God, The Supreme Being, The Eternal, The All -Pervading, The Creator, Without-Fear, Without Hate, The Being beyond Time, Not Incarnated, Self-existant, The Enlightener.
He is attained by the Guru's Grace.

2—(੨੨੧) ਉਲਟ ਭਈ ਜੀਵਤ ਮਰਿ ਜਾਗਿਆ ॥
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥

उलट भई जीवत मरि जागिआ ।।
सबदि रवे मनु हरि सिउ लागिआ ॥

When I turned away from the world, and thus becamed dead in life, I got spiritually awakened, By repeating The Name, my soul got attached to the Lord.

3—(੪੧੪) ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥

ऊतम संगति ऊतमु होवै ।।
गुण कउ धावै अवगण धोवै ।।

In the company of holy persons, the man becomes holy. He runs after virtues and washes off his sins.

4—(੫੮੦) ਊਚਾ ਨਹੀ ਕਹਿਣਾ ਮਨ ਮਹਿ ਰਹਿਣਾ
ਆਪੇ ਜਾਣੈ ਜਾਣੋ ॥

ऊचा नही कहणा मन महि रहणा
आपे जाणै जाणो ॥

Indulge not in ego and abide within thyself The Knower Himself knows everything.

5—(੭੯੧) ਉਗਵੈ ਸੂਰੁ ਨ ਜਾਪੈ ਚੰਦੁ ॥
ਜਹ ਗਿਆਨ ਪ੍ਰਗਾਸ ਅਗਿਆਨੁ ਮਿਟੰਤੁ ॥

उगवै सूरु ना जापै चंदु ॥
जह गिआन प्रगासु अगिआनु मिटंतु ॥

When the sun rises, the moon is seen not. Similarly, where divine knowledge appears, mind's ignorance is dispelled.

6—(੯੨੯) ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥

ओअंकारि ब्रहमा उतपति ॥
ओअंकारु कीआ जिनि चिति ॥

It is the Lord, who created Brahma. It is the Only Lord who fashioned the human mind.

7 (੯੩੦) ਓਅੰਕਾਰ ਸੈਲ ਜੁਗ ਭਏ ॥
ਓਅੰਕਾਰ ਬੇਦ ਨਿਰਮਏ ॥

ओअंकारि सैल जुग भए ॥
ओअंकारि वेद निरमए ॥

It is from the One Lord that mountains and ages have emanated. It is the Lord who created the Vedas.

# ਰਾਗੀ ਸਿੰਘਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਕੁਝ ਸੁਝਾਅ

- ਕਰਮ ਸਿੰਘ ਰਤਨ

ਕਈ ਪ੍ਰੇਮੀ ਸੁਆਲ ਕਰਦੇ ਹਨ ਕਿ ਕੀਰਤਨ ਦਾ ਸਾਨੂੰ ਆਨੰਦ ਨਹੀਂ ਆਉਂਦਾ। ਇਸ ਦੇ ਕੁਝ ਕਾਰਨ ਹਨ। ਆਮ ਤੌਰ ਤੇ ਵੇਖਿਆ ਗਿਆ ਹੈ ਕਿ ਬਹੁਤ ਸਾਰੇ, ਤਕਰੀਬਨ 75ਫੀ ਸਦੀ ਰਾਗੀ ਸਿੰਘ ਐਸੇ ਹਨ ਜਿਹਨਾਂ ਨੇ ਸਹੀ ਢੰਗ ਨਾਲ ਸੰਗੀਤ ਵਿਦਿਆ ਪ੍ਰਾਪਤ ਹੀ ਨਹੀਂ ਕੀਤੀ ਹੁੰਦੀ। ਬਸ ਦੋ ਚਾਰ ਸ਼ਬਦ ਤੇ ਆਸਾ ਦੀ ਵਾਰ ਸੁਣ ਸੁਣਾ ਕੇ ਯਾਦ ਕੀਤੇ ਤੇ ਵਾਜੇ ਚੁੱਕ ਕੇ ਤੁਰ ਪੈਂਦੇ ਹਨ ਕਿ ਅਸੀਂ ਵੀ ਰਾਗੀ ਬਣ ਗਏ ਹਾਂ। ਜਦਕਿ ਇਹ ਸੰਗੀਤ ਵਿਦਿਆ ਇਕ ਸਮੁੰਦਰ ਦਾ ਰੂਪ ਹੈ, ਸਾਰੀ ਉਮਰ ਮਨੁੱਖ ਲੱਗਾ ਰਹੇ ਤਾਂ ਪਾਰਾਵਾਰ ਨਹੀਂ ਪਾ ਸਕਦਾ।

ਨਾਦ ਬਿਨੋਦ ਸੰਗੀਤ ਵਿਚ ਇਕ ਸਾਖੀ ਹੈ ਕਿ ਅਕਬਰ ਬਾਦਸ਼ਾਹ ਨੇ ਇਕ ਵਾਰ ਤਾਨ ਸੈਨ ਨੂੰ ਪੁੱਛਿਆ ਕਿ ਸਾਡੀ ਨਜ਼ਰ ਵਿਚ ਇਸ ਵਕਤ ਤੇਰੇ ਤੋਂ ਅੱਛਾ ਹੋਰ ਗਾਇਕ ਨਹੀਂ, ਤਾਂ ਤਾਨਸੈਨ ਨੇ ਕਿਹਾ ਕਿ, ਹੈ! ਮੇਰੇ ਤੋਂ ਅੱਛਾ ਗਾਇਕ ਹੈ। ਤਾਂ ਤਾਨਸੈਨ ਨੇ ਦਸਿਆ ਕਿ ਮੇਰੇ ਤੋਂ ਅੱਛੇ ਗਾਇਕ ਮੇਰੇ ਗੁਰੂ ਜੀ, ਠਾਕੁਰ ਹਰੀ ਦਾਸ ਜੀ ਹਨ। ਤਾਂ ਅਕਬਰ ਨੇ ਕਿਹਾ ਕਿ ਮੈਨੂੰ ਵੀ ਆਪਣੇ ਗੁਰੂ ਦੇ ਦਰਸ਼ਨ ਕਰਵਾਓ ਤੇ ਉਹਨਾਂ ਤੋਂ ਸੰਗੀਤ ਸੁਣਵਾਓ। ਤਾਂ ਤਾਨਸੈਨ ਨੇ ਕਿਹਾ ਕਿ ਮੇਰੇ ਗੁਰੂ ਜੀ ਬਿੰਦ੍ਰਾਬਨ ਦੇ ਜੰਗਲ ਵਿਚ ਰਹਿੰਦੇ ਹਨ। ਉਹ ਨਾ ਕਿਸੇ ਨੂੰ ਦਰਸ਼ਨ ਦਿੰਦੇ ਹਨ। ਪਰ ਕਿਉਂਕਿ ਅਕਬਰ ਬਾਦਸ਼ਾਹ ਗੁਣੀ ਪੁਰਸ਼ਾਂ ਦਾ ਕਦਰਦਾਨ ਸੀ। ਉਸ ਨੇ ਤਾਨਸੈਨ ਨੂੰ ਕਿਹਾ ਕਿ ਕਿਸੇ ਵੀ ਤਰੀਕੇ ਮੈਂ ਆਪਣੇ ਗੁਰੂ ਦੇ ਦਰਸ਼ਨ ਕਰਵਾਓ ਤੇ ਉਹਨਾਂ ਤੋਂ ਸੰਗੀਤ ਸੁਣਵਾਉ ਤਾਂ ਤਾਨਸੈਨ ਨੇ ਕਿਹਾ ਕਿ ਮੇਰੇ ਗੁਰੂ ਜੀ ਬਿੰਦ੍ਰਾਬਨ ਦੇ ਜੰਗਲ ਵਿਚ ਰਹਿੰਦੇ ਹਨ। ਉਹ ਨਾ ਕਿਸੇ ਨੂੰ ਦਰਸ਼ਨ ਦਿੰਦੇ ਹਨ ਅਤੇ ਨਾ ਹੀ ਕਿਸੇ ਦੇ ਦਰਸ਼ਨ ਕਰਦੇ ਹਨ। ਪਰ ਕਿਉਂਕਿ ਅਕਬਰ ਬਾਦਸ਼ਾਹ ਗੁਣੀ ਪੁਰਸ਼ਾਂ ਦਾ ਕਦਰਦਾਨ ਸੀ। ਉਸ ਨੇ ਤਾਨਸੈਨ ਨੂੰ ਕਿਹਾ ਕਿ ਕਿਸੇ ਵੀ ਤਰੀਕੇ ਮੈਨੂੰ ਆਪਣੇ ਗੁਰੂ ਦੇ ਦਰਸ਼ਨ ਕਰਵਾਉ। ਤਾਂ ਕਹਿੰਦੇ ਹਨ ਕਿ ਤਾਨਸੈਨ ਦੇ ਕਹਿਣ ਮੁਤਾਬਕ ਅਕਬਰ ਬਾਦਸ਼ਾਹ ਤਾਨਸੈਨ ਦਾ ਚੇਲਾ ਬਣ ਕੇ ਉਸ ਦਾ ਤਾਨਪੂਰਾ ਚੁੱਕ ਕੇ ਆਗਰੇ ਤੋਂ ਬਿੰਦ੍ਰਾਬਨ ਪਹੁੰਚੇ, ਜਿੱਥੇ ਜਮਨਾ ਕਿਨਾਰੇ ਠਾਕੁਰ ਜੀ ਦਾ ਆਸ਼ਰਮ ਸੀ। ਜਦੋਂ ਦੋਨੋਂ ਉੱਥੇ ਪੁੱਜੇ ਤਾਂ ਠਾਕੁਰ ਹਰੀ ਦਾਸ ਜੀ ਦੀ ਸਮਾਧੀ ਲੱਗੀ ਹੋਈ ਸੀ। ਇਤਿਹਾਸ ਵਿਚ ਲਿਖਿਆ ਹੈ ਕਿ ਤਾਨਸੈਨ ਜੀ ਤੇ ਅਕਬਰ ਬਾਦਸ਼ਾਹ ਬਹੁਤ ਦੇਰ ਤਕ ਉਡੀਕ ਵਿਚ ਬੈਠੇ ਰਹੇ। ਜਦੋਂ ਠਾਕੁਰ ਜੀ ਦੀ ਸਮਾਧੀ ਨਾ ਖੁਲੀ ਤਾਂ ਤਾਨਸੈਨ ਨੇ ਖੁਦ ਤਾਨਪੂਰਾ ਲੈ ਕੇ ਆਪ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਗਾਉਂਦਿਆਂ ਗਾਉਂਦਿਆਂ ਤਾਨਸੈਨ ਨੇ ਰਾਗ ਵਿਚ ਜਾਣ-ਬੁੱਝ ਕੇ ਸੁਰ ਗਲਤ ਲਾ ਦਿੱਤੀ। ਸੋ ਜਦੋਂ

ਰਾਗ ਵਿਚ ਗਲਤ ਸੁਰ ਲੱਗੀ ਤਾਂ ਠਾਕੁਰ ਜੀ ਨੇ ਆਪ ਗਾਉਣਾ ਸ਼ੁਰੂ ਕਰ ਦਿੱਤਾ। ਸੰਗੀਤ ਵਿਚ ਲਿਖਿਆ ਹੈ ਕਿ ਠਾਕੁਰ ਹਰੀ ਦਾਸ ਜੀ ਹੀ ਇਕ ਐਸੇ ਗਾਇਕ ਸਨ, ਜਿਨ੍ਹਾਂ ਨੂੰ ਗੰਧਰਵ ਦੀ ਪਦਵੀ ਮਿਲੀ ਸੀ। ਉਨ੍ਹਾਂ ਦੇ ਗਾਇਨ ਵਿਚ ਇਤਨਾ ਰਸ ਸੀ ਕਿ ਜਦੋਂ ਉਹ ਗਾਉਂਦੇ ਸਨ ਤਾਂ ਉਨ੍ਹਾਂ ਦਾ ਗਾਇਨ ਸੁਣ ਕੇ ਜੰਗਲ ਦੇ ਸਭ ਜਾਨਵਰ ਵੀ ਮਾਨੋ ਸੰਗਤ ਰੂਪ ਵਿਚ ਬੈਠ ਕੇ ਸੁਣਦੇ ਸਨ ਤੇ ਮੰਤ੍ਰ ਮੁਗਧ ਹੋ ਜਾਂਦੇ ਸਨ ਅਤੇ ਪਵਣ ਵੀ ਮਿੱਠੀ ਮਿੱਠੀ ਮਹਿਕ ਛੱਡਣ ਲੱਗ ਪੈਂਦੀ ਸੀ, ਕਿਉਂਕਿ ਸੰਗਤ ਦੀ ਸਾਧਨਾ ਕਰਕੇ ਪਰਮੇਸ਼ਵਰ ਨਾਲ (ਦੋ ਤੇ ਏਕ ਰੂਪ ਹੋਇ ਗਯੋ) ਦੀ ਪਦਵੀ ਪ੍ਰਾਪਤ ਕਰ ਚੁੱਕੇ ਸਨ। ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਠਾਕੁਰ ਹਰੀਦਾਂਸ ਜੀ ਭਾਈ ਮਰਦਾਨਾ ਜੀ ਦੇ ਸ਼ਾਗਿਰਦ ਸਨ। ਕਹਿੰਦੇ ਹਨ ਕਿ ਠਾਕੁਰ ਜੀ ਤੋਂ ਸੰਗੀਤ ਸੁਣ ਕੇ ਬਾਦਸ਼ਾਹ ਅਕਬਰ ਦੀ ਸਮਾਧੀ ਲੱਗ ਗਈ ਤੇ ਉਹ ਆਪਣੀ ਸੁਧ ਬੁਧ ਭੁੱਲ ਗਿਆ। ਉਸਨੂੰ ਇਸ ਤਰ੍ਹਾਂ ਲੱਗਾ ਕਿ ਉਹ ਬਹਿਸ਼ਤ (ਸਵਰਗ) ਵਿਚ ਪੁੱਜ ਗਿਆ ਹੈ ਅਤੇ ਖੁਦਾ (ਪਰਮੇਸ਼ਵਰ) ਦੇ ਪ੍ਰਤੱਖ ਦਰਸ਼ਨ ਕਰ ਰਿਹਾ ਹੈ। ਫਿਰ ਜਦੋਂ ਬਾਦਸ਼ਾਹ ਦੀ ਸਮਾਧੀ ਖੁੱਲੀ ਤਾਂ ਬਾਦਸ਼ਾਹ ਠਾਕੁਰ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਬੇਨਤੀ ਕਰਨ ਲੱਗਾ ਕਿ ਗੁਰੂ ਜੀ ਕੋਈ ਸੇਵਾ ਦਸੋ ! ਮੈਂ ਆਪ ਜੀ ਦੀ ਸੇਵਾ ਕਰਨੀ ਚਾਹੁੰਦਾ ਹਾਂ।

ਠਾਕੁਰ ਜੀ ਨੇ ਕਿਹਾ ਕਿ ਸਾਨੂੰ ਤੇਰੀ ਕਿਸੇ ਵੀ ਚੀਜ਼ ਦੀ ਇੱਛਾ ਨਹੀਂ। ਸੰਗੀਤ ਵਿਚ ਲਿਖਿਆ ਹੈ ਕਿ ਰਾਗ ਵਿਚ ਇਤਨੀ ਸ਼ਕਤੀ ਹੈ ਕਿ ਜੇ ਕੋਈ ਗਾਇਕ ਇਕ ਵੀ ਰਾਗ ਦੀ ਸਾਧਨਾ ਕਰ ਲਵੇ ਤਾਂ ਉਸ ਨੂੰ ਦੁਨੀਆਂ ਤੇ ਕਿਸੇ ਵੀ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਨੌਂ ਨਿਧਾਂ ਅਠਾਰਾਂ ਸਿਧਾਂ ਉਸ ਦੇ ਘਰ ਆ ਜਾਂਦੀਆਂ ਹਨ। ਸੋ ਜਦੋਂ ਠਾਕੁਰ ਜੀ ਨੇ ਅਕਬਰ ਤੋਂ ਕੁਝ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਅਕਬਰ ਬਾਦਸ਼ਾਹ ਨੇ ਦੂਜੀ ਬੇਨਤੀ ਕੀਤੀ ਕਿ ਗੁਰੂ ਜੀ ਕੀ ਇਸ ਰਾਗ ਵਿਦਿਆ ਦਾ ਕੋਈ ਅੰਤ ਵੀ ਹੈ ? ਤਾਂ ਠਾਕੁਰ ਜੀ ਨੇ ਕਿਹਾ ਕਿ ਆਉ ਤੁਹਾਨੂੰ ਇਸ ਦਾ ਅੰਤ ਦਸੀਏ। ਠਾਕੁਰ ਜੀ ਅਕਬਰ ਬਾਦਸ਼ਾਹ ਨੂੰ ਜਮਨਾ ਕਿਨਾਰੇ ਲੈ ਗਏ ਅਤੇ ਠਾਕੁਰ ਜੀ ਨੇ ਦਰਿਆ ਵਿਚੋਂ ਪਾਣੀ ਦੀ ਇਕ ਚੂਲੀ ਭਰੀ ਅਤੇ ਉਹ ਪਾਣੀ ਵਗਦਾ ਵਗਦਾ ਹੱਥ ਵਿਚ ਇਕ ਬੂੰਦ ਰਹਿ ਗਈ ਤਾਂ ਠਾਕੁਰ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਬਾਦਸ਼ਾਹ ਸਲਾਮਤ ਇਹ ਜੋ ਇਕ ਬੂੰਦ ਰਹਿ ਗਈ ਹੈ, ਇਤਨਾ ਕੁ ਗੁਣ ਸਾਡੇ ਪਾਸ ਹੈ ਬਾਕੀ ਸਾਰਾ ਦਰਿਆ ਵਗ ਰਿਹਾ ਹੈ। ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਇਸ ਸੰਗੀਤ ਵਿਦਿਆ ਦਾ ਕੀ ਅੰਤ ਹੈ ਅਤੇ ਕੀ ਪਾਰਾਵਾਰ ਹੈ ?

ਹੁਣ ਸਾਡੇ ਰਾਗੀ ਸਿੰਘ ਇਸ ਗੱਲ ਦੀ ਆਪਣੇ ਮਨ ਵਿਚ ਝਾਤੀ ਮਾਰਨ ਕਿ ਜਿਸ ਨੂੰ ਗੰਧਰਵ ਦੀ ਪਦਵੀ ਮਿਲੀ ਸੀ ਉਹ ਕਹਿੰਦੇ ਸੀ ਕਿ ਸਾਡੇ ਪਾਸ ਸੰਗੀਤ ਵਿਦਿਆ ਸਮੁੰਦਰ ਵਿਚੋਂ ਕੇਵਲ ਇਕ ਬੂੰਦ ਸਮਾਨ ਹੈ ਤੇ ਸਾਡੇ ਰਾਗੀ ਸਿੰਘ ਵਿਚਾਰੇ ਇਕ ਦੋ ਰਾਗ ਸਿਖ ਕੇ ਹੀ ਆਪਣੇ ਆਪ ਨੂੰ ਗੰਧਰਵ, ਪ੍ਰੋਫੈਸਰ, ਬੀ. ਏ. ਤੇ ਐਮ. ਏ. ਦੇ ਲਕਬ ਲਾ ਲੈਂਦੇ ਹਨ ਕਈ ਰਾਗੀ ਸਿੰਘ ਸੰਗੀਤ ਵਿਦਿਆ ਦੀ ਥਿਊਰੀ ਤੋਂ ਤਾਂ ਜਾਣੂ

ਹੋਣਗੇ ਲੇਕਿਨ ਗਲੇ ਤੋਂ ਬਿਲਕੁਲ ਬੇਸੁਰੇ ਹਨਗ। ਬਹੁਤ ਘੱਟ ਐਸੇ ਰਾਗੀ ਸਿੰਘ ਹਨ ਜੋ ਗਲੇ ਤੋਂ ਵੀ ਸੁਰੀਲੇ ਅਤੇ ਸੰਗੀਤ ਤੋਂ ਵੀ ਵਾਕਿਫ ਹੋਣਗੇ। ਕਈਆਂ ਕੋਲ ਸੁਰ ਤਾਲ ਥਿਊਰੀ ਹੁੰਦੀ ਹੈ ਤਾਂ ਗੁਰਬਾਣੀ ਦਾ ਗਿਆਨ ਨਹੀਂ ਹੁੰਦਾ। ਪਰ ਜਿਸ ਪਾਸ ਗੁਰਬਾਣੀ ਵੀ ਹੋਵੇ ਤੇ ਸੰਗੀਤ ਵੀ ਹੋਵੇ, ਸੁਰ ਵੀ ਹੋਵੇ ਤੇ ਨਾਲ ਹੀ ਸ਼ਰਧਾ ਵੀ ਹੋਵੇ ਤਾਂ ਉਹ ਰਾਗੀ ਸਿੰਘ ਬਹੁਤ ਭਾਗਾਂ ਵਾਲਾ ਹੁੰਦਾ ਹੈ। ਕਈ ਜਨਮਾਂ ਦੀ ਤਪੱਸਿਆ ਤੋਂ ਬਾਅਦ ਜਾ ਕੇ ਇਹ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ।

ਸਿਰਫ ਬਹੁਤ ਗੁਰਬਾਣੀ ਪੜ੍ਹਨ ਨਾਲ ਵੀ ਨਿਰਾ ਰਾਗੀ ਨਹੀਂ ਬਣਿਆ ਜਾ ਸਕਦਾ ਬਲਕਿ ਕੀਰਤਨੀਆ ਆਪ ਕੀਰਤਨ ਦਾ ਰੂਪ ਬਣ ਜਾਵੇ। ਰਾਗੀ ਸਿੰਘਾਂ ਦੇ ਹਿਰਦੇ ਵਿਚੋਂ ਕੀਰਤਨ ਨਿਕਲੇ ਤਾਂ ਹੀ ਜਾ ਕੇ ਸਰੋਤਿਆਂ ਨੂੰ ਵੀ ਆਨੰਦ ਆਉਂਦਾ ਹੈ। ਫਿਰ ਕੀਰਤਨੀਏ ਨੂੰ ਲੋਕਾਂ ਦੇ ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨਾਂ ਸਕੱਤਰਾਂ ਦੇ ਮਗਰ ਫਿਰਨ ਦੀ ਵੀ ਜ਼ਰੂਰਤ ਨਹੀਂ ਰਹੇਗੀ ਬਲਕਿ ਖੁਦ ਲੋਕ ਰਾਗੀ ਦੇ ਮਗਰ ਕੀਰਤਨ ਸੁਣਨ ਲਈ ਫਿਰਨਗੇ। ਜਦੋਂ ਸੰਗੀਤ ਰੂਪੀ ਸੂਰਜ ਵਲ ਮੂੰਹ ਕਰਕੇ ਤੁਰਾਂਗੇ ਤਾਂ ਮਾਇਆ ਰੂਪੀ ਛਾਇਆ ਵੀ ਆਪਣੇ ਆਪ ਮਗਰ ਆ ਜਾਵੇਗੀ। ਭਗਤ ਕਬੀਰ ਜੀ ਇਕ ਥਾਂ ਫੁਰਮਾਨ ਕਰਦੇ ਹਨ 'ਕਹਿ ਕਬੀਰ ਜਉ ਤਿਆਗ ਦਈ। ਤਬ ਓਹ ਸਰਨੀ ਆਇ ਪਈ।'

## ਸੰਗਤਾਂ ਅਤੇ ਸਭਾਵਾਂ ਨੂੰ ਰਾਗੀ ਸਿੰਘਾਂ ਲਈ ਬੇਨਤੀ

ਇਕ ਵਾਰ ਦਾਸ ਕਾਨਪੁਰ ਵਿਖੇ ਰਹਿੰਦਾ ਸੀ ਤਾਂ ਉਥੇ ਕਿਸੇ ਸੰਸਥਾ ਨੇ ਕੁਝ ਫਿਲਮੀ ਗਾਇਕਾਂ ਦਾ ਪਰੋਗਰਾਮ ਰੱਖਿਆ। ਹਰ ਇਕ ਪਲੇਅ ਬੈਕ ਸਿੰਗਰ ਮੁਹੰਮਦ ਰਫੀ, ਲਤਾ ਮੰਗੇਸ਼ਕਰ, ਮੁਕੇਸ਼, ਹੇਮੰਤ ਕੁਮਾਰ, ਮੰਨਾਡੇ ਵਗੈਰਾ ਸਭ ਆਏ ਸਨ। ਹਰ ਇਕ ਕਲਾਕਾਰ ਨੇ ਡੇਢ-ਡੇਢ ਘੰਟੇ ਦੇ ਪਰੋਗਰਾਮ ਦਾ ਇੱਕ ਇੱਕ ਲੱਖ ਰੁਪਿਆ ਅਤੇ ਆਉਣ ਜਾਣ ਦਾ ਹਵਾਈ ਜਹਾਜ਼ ਦਾ ਕਿਰਾਇਆ ਲਿਆ ਸੀ। ਜੇ ਫਿਲਮਾਂ ਵਿਚ ਇਹ ਪਲੇਅ ਬੈਕ ਸਿੰਗਰ ਇੱਕ ਗੀਤ ਰਿਕਾਰਡ ਕਰਵਾਉਂਦੇ ਹਨ ਜੋ ਕਿ ਵੱਧ ਤੋਂ ਵੱਧ ਪੰਜ ਮਿੰਟ ਦਾ ਹੁੰਦਾ ਹੈ, ਉਸ ਦੇ ਇਹ ਕਲਾਕਾਰ ਚਾਲੀ-ਚਾਲੀ, ਪੰਜਾਹ-ਪੰਜਾਹ ਹਜ਼ਾਰ ਰੁਪਏ ਲੈਂਦੇ ਹਨ ਅਤੇ ਫਿਲਮਾਂ ਤੋਂ ਇਲਾਵਾ ਜੋ ਪਰੋਗਰਾਮ ਇਹ ਕਲਾਕਾਰ ਕਰਦੇ ਹਨ। ਉਸ ਮਾਇਆ ਦਾ ਉਹਨਾਂ ਕੋਲੋਂ ਕੋਈ ਸੰਸਥਾ ਅੱਧਾ ਹਿੱਸਾ ਨਹੀਂ ਲੈਂਦੀ।

ਹੁਣ ਵੇਖਣਾ ਇਹ ਹੈ ਕਿ ਰਾਗੀ ਸਿੰਘ ਜੋ ਕਿ ਸਾਰੀ ਜ਼ਿੰਦਗੀ ਸੰਗੀਤ ਦੀ ਮਿਹਨਤ ਕਰਦੇ ਹਨ ਅਤੇ ਗੁਰਬਾਣੀ ਯਾਦ ਕਰਦੇ ਹਨ, ਉਹਨਾਂ ਨੂੰ ਸਭਾਵਾਂ ਅਤੇ ਸੰਗਤਾਂ ਕੀ ਦਿੰਦੀਆਂ ਹਨ ? ਜੇ ਕਦੇ ਇਹਨਾਂ ਫਿਲਮੀ ਕਲਾਕਾਰਾਂ ਨੂੰ ਸਿੱਖ ਰਾਗੀ ਸਿੰਘਾਂ ਵਾਂਗ ਦੋ-ਦੋ ਤਿੰਨ-ਤਿੰਨ ਘੰਟੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਪਵੇ ਤਾਂ ਪਹਿਲਾਂ ਤਾਂ ਇਹ ਕਰ ਹੀ ਨਹੀਂ ਸਕਣਗੇ ਅਤੇ ਜੇ ਕਰ ਵੀ ਲੈਣ ਤਾਂ ਇਹ ਲੋਕ ਲੱਖਾਂ ਰੁਪਏ ਮੰਗਣਗੇ ਹੁਣ ਸੰਗਤਾਂ ਆਪ ਅੰਦਾਜ਼ਾ ਲਗਾਉਣ ਕਿ ਜੇਕਰ ਫਿਲਮੀ ਗੰਦੇ ਤੇ ਇਸ਼ਕੀਆ ਗੀਤ

ਗਾਉਣ ਵਾਲਿਆਂ ਨੂੰ ਲੱਖਾਂ ਰੁਪਏ ਮਿਲਦੇ ਹਨ ਤਾਂ ਫਿਰ ਜੋ ਗੁਰੂ ਕੀ ਬਾਣੀ ਤੇ ਗੁਰੂ ਕਾ ਕੀਰਤਨ ਸੁਣਾਉਂਦੇ ਹਨ, ਉਹਨਾਂ ਨੂੰ ਕੀ ਮਿਲਣਾ ਚਾਹੀਦਾ ਹੈ ! ਅਤੇ ਮਿਲਦਾ ਕੀ ਹੈ ? ਅੱਛੇ ਤੋਂ ਅੱਛੇ ਰਾਗੀ ਜਥੇ ਦੀ ਤਨਖਾਹ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਵੀ ਚਾਰ ਜਾਂ ਪੰਜ ਹਜ਼ਾਰ ਰੁਪਏ ਤੋਂ ਜ਼ਿਆਦਾ ਨਹੀਂ ਹੈ । ਨਹੀਂ ਤਾਂ ਆਮ ਤੌਰ ਤੇ ਤਨਖਾਹਾਂ ਬਹੁਤ ਘੱਟ ਹੀ ਹਨ ਅਤੇ ਉਤੋਂ ਹਨੇਰ ਮਾਰਿਆ ਹੋਇਆ ਹੈ ਸਭਾਵਾਂ ਨੇ ਜੋ ਰਾਗੀ ਜਥਿਆਂ ਤੋਂ ਉਪਰਲੀ ਸ਼ਬਦ ਭੇਟ ਦਾ ਅੱਧ ਲੈ ਦੀਆਂ ਹਨ ਅਤੇ ਇਹ ਜੋ ਤਨਖਾਹ ਹੈ ਇਕੱਲੇ ਦੀ ਨਹੀਂ ਜਥੇ ਦੇ ਤਿੰਨ ਮੈਂਬਰਾਂ ਦੀ ਹੁੰਦੀ ਹੈ । ਸਾਨੂੰ ਤਾਂ ਅਜੇ ਤਕ ਸਮਝ ਨਹੀਂ ਆਈ ਕਿ ਸਭਾਵਾਂ ਰਾਗੀ ਜਥਿਆਂ ਪਾਸੋਂ ਆਮਦਨ ਦਾ ਅੱਧ ਕਿਸ ਅਧਾਰ ਤੇ ਲੈਂਦੀਆਂ ਹਨ । ਗੁਰਮਤਿ ਵਿਚ ਜਾਂ ਗੁਰ ਇਤਿਹਾਸ ਵਿਚ ਤਾਂ ਕਿਧਰੇ ਜ਼ਿਕਰ ਨਹੀਂ ਆਉਂਦਾ ਕਿ ਕਿਸੇ ਗੁਰੂ ਸਾਹਿਬ ਨੇ ਰਾਗੀ ਸਿੰਘਾਂ ਕੋਲੋਂ ਸ਼ਬਦ ਭੇਟ ਦਾ ਅੱਧ ਮੰਗਿਆ ਹੋਵੇ ਜਾਂ ਕਿਧਰੇ ਗੁਰੂ ਗਰੰਥ ਸਾਹਿਬ ਵਿਚ, ਦਸਮ ਗਰੰਥ ਵਿਚ, ਸਰਬ ਲੋਹ ਗਰੰਥ, ਜਾਂ ਭਾਈ ਗੁਰਦਾਸ ਦੀ ਬਾਣੀ ਜਾਂ ਭਾਈ ਨੰਦ ਲਾਲ ਦੀਆਂ ਗ਼ਜ਼ਲਾਂ ਗੱਲ ਕਾਹਦੀ ਕਿਸੇ ਵੀ ਬਾਣੀ ਦੇ ਗਰੰਥ ਵਿਚ ਇਹ ਜ਼ਿਕਰ ਤਾਂ ਕਿਧਰੇ ਨਹੀਂ ਆਇਆ ਕਿ ਰਾਗੀ ਸਿੰਘਾਂ ਕੋਲੋਂ ਸ਼ਬਦ ਭੇਟ ਦਾ ਅੱਧ ਲਿਆ ਜਾਵੇ ਤੇ ਨਾ ਹੀ ਰਹਿਤਨਾਮੇ ਵਿਚ ਕਿਧਰੇ ਲਿਖਿਆ ਹੈ ਅਤੇ ਜੋ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸਿੱਖ ਰਹਿਤ ਮਰਿਯਾਦਾ ਛਾਪੀ ਹੈ ਉਸ ਵਿਚ ਵੀ ਕੋਈ ਜ਼ਿਕਰ ਨਹੀਂ ਕਿ ਰਾਗੀ ਸਿੰਘਾਂ ਤੋਂ ਅੱਧ ਲਿਆ ਜਾਵੇ । ਬਲਕਿ ਕਈ ਸਭਾਵਾਂ ਤਾਂ ਅੱਧ ਵੀ ਨਹੀਂ ਸਾਰੀ ਦੀ ਸਾਰੀ ਹੀ ਸ਼ਬਦ ਭੇਟ ਰਾਗੀਆਂ ਤੋਂ ਲੈਂਦੀਆਂ ਹਨ ਤੇ ਰਾਗੀ ਸਿੰਘਾਂ ਨੂੰ ਸੁੱਕੀ ਤਨਖਾਹ ਹੀ ਮਿਲਦੀ ਹੈ । ਫਿਰ ਸੰਗਤਾਂ ਤਾਂ ਇਸ ਕਰਕੇ ਸੇਵਾ ਕਰਦੀਆਂ ਹਨ ਕਿ ਰਾਗੀ ਸਿੰਘਾਂ ਦਾ ਹੌਂਸਲਾ ਵਧੇ ਤੇ ਹੋਰ ਮਿਹਨਤ ਕਰਕੇ ਸੰਗਤਾਂ ਨੂੰ ਅੱਛੇ ਤੋਂ ਅੱਛਾ ਕੀਰਤਨ ਸੁਣਾਉਣ ਅਤੇ ਫਿਰ ਮਾਇਆ ਸ਼ਬਦ ਭੇਟ ਤਾਂ ਹੁੰਦੀ ਹੈ ਰਾਗੀ ਸਿੰਘਾਂ ਨੂੰ ਤੇ ਉਲਟਾ ਰਾਗੀ ਸਿੰਘਾਂ ਤੋਂ ਵਾਉਚਰ ਤੇ ਦਸਖਤ ਕਰਵਾ ਕੇ ਉਹਨਾਂ ਨੂੰ ਮਾਇਆ ਦਿੱਤੀ ਜਾਂਦੀ ਹੈ, ਜਿਵੇਂ ਕਿ ਸਭਾ ਆਪਣੇ ਪਾਸੋਂ ਮਾਇਆ ਦੇ ਰਹੀ ਹੋਵੇ । ਮਿਹਨਤ ਕਰਨ ਰਾਗੀ ਸਿੰਘ, ਕੀਰਤਨ ਕਰਨ ਰਾਗੀ ਸਿੰਘ ਤੇ ਕਮਿਸ਼ਨ ਲੈਣ ਸਭਾਵਾਂ । ਹਨੇਰ ਗਰਦੀ ਕਿ ਨਹੀਂ ?

ਅਸੂਲਨ ਤੌਰ ਤੇ ਵੇਖਿਆ ਜਾਵੇ ਤਾਂ ਗੁਰਦੁਆਰਿਆਂ ਦੀ ਚੜ੍ਹਤ ਅਤੇ ਆਮਦਨ ਤੇ ਸਿਰਫ਼ ਗਰੰਥੀ, ਰਾਗੀ ਅਤੇ ਸੇਵਾਦਾਰਾਂ ਦਾ ਹੀ ਹੱਕ ਹੈ । ਬਿਹੰਗਮਾਂ ਤੇ ਯਾਤਰੂਆਂ ਵਾਸਤੇ ਹੈ, ਅਤੇ ਹੋ ਇਸ ਤੋਂ ਉਲਟ ਰਿਹਾ ਹੈ । ਗੁਰਦੁਆਰਿਆਂ ਤੇ ਕਾਬਜ਼ ਕਮੇਟੀਆਂ ਨੇ ਇਸ ਚੜ੍ਹਾਵੇ ਨਾਲ ਲੱਖਾਂ ਦੇ ਆਪਣੇ ਕਾਰੋਬਾਰ ਚਲਾ ਲਏ ਹਨ । ਕਈ ਪ੍ਰਬੰਧਕ ਗੁਰਦੁਆਰੇ ਦਾ ਪੈਸਾ ਸੂਦ ਤੇ ਦਿੰਦੇ ਹਨ ਅਤੇ ਉਸ ਦਾ ਨਫ਼ਾ ਆਪ ਵਰਤਦੇ ਹਨ । ਇਸੇ ਲਾਲਚ ਕਰਕੇ ਹੀ ਤਾਂ ਜਿਹੜਾ ਇਕ ਵਾਰ ਗੁਰਦੁਆਰੇ ਦਾ ਪ੍ਰਧਾਨ ਜਾਂ ਸਕੱਤਰ ਬਣ ਜਾਵੇ, ਉਹ ਚਿੱਚੜ ਵਾਂਗ ਚਿੰਬੜ ਕੇ ਹੀ ਬੈਠ ਜਾਂਦਾ ਹੈ । ਗੁਰਦੁਆਰੇ ਦੀ ਪ੍ਰਬੰਧਕੀ ਕੁਰਸੀ ਨੂੰ ਛੱਡਣ ਲਈ ਤਿਆਰ ਨਹੀਂ ਹੁੰਦਾ । ਗੁਰਦੁਆਰਿਆਂ ਨੂੰ ਦੁਕਾਨ

ਸਮਝ ਲੈਂਦੇ ਹਨ ਅਤੇ ਗੁਰੂ ਗੋਲਕ ਤੇ ਰੋਜ਼ ਹੀ ਥਾਂ ਪਰ ਥਾਂ ਤੇ ਪ੍ਰਬੰਧਕਾਂ ਦੇ ਆਪਸ ਵਿਚ ਡਾਂਗ ਸੋਟੇ ਚਲ ਰਹੇ ਹਨ। ਕਵੀ ਈਸ਼ਰ ਸਿੰਘ ਭਾਈਆ ਜੀ ਨੇ ਅਜਿਹੀ ਹੀ ਇਕ ਕਵਿਤਾ ਲਿਖੀ ਸੀ"

ਹੋਏ ਜ਼ਿਸ ਥਾਂ ਉਤੇ ਗੁਰੂ ਜੀ ਦੇ ਟੋਟੇ ਨੇ
ਉਥੇ ਸਿਖ ਕਸ ਰਹੇ ਲੰਗਰ ਤੇ ਲੰਗੋਟੇ ਨੇ
ਇਕ ਹਥ ਛਵੀਆਂ ਤੇ ਦੂਜੇ ਹੱਥ ਸੋਟੇ ਨੇ।
ਕਬਜ਼ਾ ਜਮਾਂਦੇ ਪਏ ਦਿਲ ਦੇ ਜੋ ਖੋਟੇ ਨੇ।
ਪ੍ਰੇਮ ਵਾਲੀ ਫੋਟੋ ਚੰਗੀ ਇਹਨਾਂ ਨੇ ਉਤਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਸੋ ਇਹ ਤਸਵੀਰ ਭਾਈਆ ਜੀ ਨੇ ਬਿਲਕੁਲ ਠੀਕ ਖਿੱਚੀ ਹੈ, ਕਿਉਂਕਿ ਕੁਝ ਥਾਵਾਂ ਤੇ ਗੁਰਦੁਆਰਾ ਚੋਣ ਵੇਲੇ ਕਤਲ ਵੀ ਹੋ ਚੁੱਕੇ ਹਨ।

ਕਈ ਸਭਾਵਾਂ ਨੇ ਰਾਗੀਆਂ ਕੋਲੋਂ ਸਾਰੀ ਆਮਦਨ ਲੈ ਕੇ ਜਾਂ ਅੱਧਾ ਹਿੱਸਾ ਲੈ ਕੇ ਆਪਣੇ ਬੱਚਿਆਂ ਲਈ ਸਕੂਲ ਖੋਹਲ ਲਏ ਹਨ। ਪਰੰਤੂ ਉਹਨਾਂ ਰਾਗੀਆਂ-ਗਰੰਥੀਆਂ ਦੇ ਬੱਚਿਆਂ ਨੂੰ ਉਹਨਾਂ ਕੋਲੋਂ ਫੀਸ ਲੈ ਕੇ ਪੜ੍ਹਾਈ ਕਰਾਈ ਜਾਂਦੀ ਹੈ। ਜਿਹੜੇ ਰਾਗੀ ਸਿੰਘ ਆਪ ਆਪਣੀ ਰੋਟੀ ਤੋਂ ਤੰਗ ਹੋ ਕੇ, ਆਪਣੇ ਬੱਚਿਆਂ ਦੇ ਮੂੰਹ 'ਚੋਂ ਰੋਟੀ ਖੋਹ ਕੇ ਆਮਦਨਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਦੇ ਰਹੇ ਹਨ। ਤਾਂ ਇਹ ਉਹ ਹੀ ਹਾਲ ਸਮਝ ਲਵੋ ਜਿਵੇਂ ਮਲਕ ਭਾਗੋ ਦੇ ਭੋਜਨ ਵਿਚੋਂ ਗੁਰੂ ਨਾਨਕ ਦੇਵ ਨੇ ਗਰੀਬ ਦਾ ਖੂਨ ਕੱਢ ਕੇ ਵਿਖਾ ਦਿੱਤਾ ਸੀ ਜਿਹੜੇ ਸਕੂਲਾਂ ਤੇ ਗੁਰਦੁਆਰਿਆਂ ਤੇ ਰਾਗੀਆਂ ਦਾ ਪੈਸਾ ਲੱਗਾ ਹੈ, ਇਹ ਰਾਗੀ ਸਿੰਘ ਦੇ ਅਰਮਾਨਾਂ ਦਾ ਖੂਨ ਹੈ। ਉਹਨਾਂ ਸਕੂਲਾਂ ਤੇ ਗੁਰਦੁਆਰਿਆਂ ਵਿਚੋਂ ਮਨੁੱਖਾ ਸ਼ਾਂਤੀ ਨਹੀਂ ਅਸ਼ਾਂਤੀ ਹੀ ਮਿਲੇਗੀ। ਚਾਹੀਦਾ ਤਾਂ ਇਹ ਸੀ ਕਿ ਇਸ ਮਾਇਆ ਨਾਲ ਅਨਾਥ ਬੱਚੇ ਪਲਦੇ। ਮਿਸਾਲ ਦੇ ਤੌਰ ਤੇ ਜਿਵੇਂ ਭਗਤ ਪੂਰਨ ਸਿੰਘ ਜੀ ਦਾ ਪਿੰਗਲਵਾੜਾ ਹੈ, ਜਾਂ ਯਤੀਮ ਖਾਨਾ ਅੰਮ੍ਰਿਤਸਰ ਹੈ, ਜਾਂ ਹੋਰ ਗਰੀਬ ਰਾਗੀ ਪ੍ਰਚਾਰਕਾਂ ਨੂੰ ਮਦਦ ਮਿਲਦੀ। ਜਿਸ ਨਾਲ ਕੌਮ ਦਾ ਪ੍ਰਚਾਰਕ ਹੋਰ ਵਧ ਚੜ੍ਹ ਕੇ ਸਿੱਖੀ ਦਾ ਪ੍ਰਚਾਰ ਕਰਦਾ। ਈਸਾਈ ਧਰਮਾਂ ਦੇ ਪਾਦਰੀ ਜੋ ਬਾਹਰ ਜਾ ਕੇ ਆਪਣੀ ਕੌਮ ਦਾ, ਪ੍ਰਚਾਰ ਕਰਦੇ ਹਨ, ਉਹਨਾਂ ਨੂੰ ਪਿੱਛੇ ਆਪਣੇ ਪਰਿਵਾਰ ਤੇ ਬੱਚਿਆਂ ਦਾ ਕੋਈ ਫਿਕਰ ਨਹੀਂ ਹੁੰਦਾ, ਕਿ ਬੱਚੇ ਪਿੱਛੇ ਭੁੱਖੇ ਰਹਿਣਗੇ ਜਾਂ ਉਹਨਾਂ ਨੂੰ ਪੜ੍ਹਾਏਗਾ ਕੌਣ ? ਉਹਨਾਂ ਦੀ ਕੌਮ ਉਹਨਾਂ ਲਈ ਹਰ ਤਰ੍ਹਾਂ ਦਾ ਖਿਆਲ ਰਖਦੀ ਹੈ। ਹਰ ਸੂਹਲੀਅਤ ਮੁਹੱਈਆ ਕਰਦੀ ਹੈ। ਪਾਦਰੀ ਬੇ-ਫਿਕਰ ਹੋ ਕੇ ਕੌਮ ਦਾ ਪ੍ਰਚਾਰ ਕਰਦਾ ਹੈ। ਸਿੱਖ ਕੌਮ ਦੇ ਪ੍ਰਚਾਰਕਾਂ ਨੂੰ ਹਰ ਵਕਤ ਆਪਣੀ ਤੇ ਬੱਚਿਆਂ ਦੀ ਹੀ ਚਿੰਤਾ ਲੱਗੀ ਰਹਿੰਦੀ ਹੈ ਤੇ ਪ੍ਰਚਾਰ ਇਹਨਾਂ ਵਿਰਿਆਂ ਕੀ ਕਰਨਾ ਹੈ ?

ਇਕ ਸਾਡੀ ਸਿੰਘ ਸਭਾ ਸ਼ਤਾਬਦੀ ਕਮੇਟੀ ਬਣੀ ਸੀ। ਜਿਸ ਨੇ ਇਹ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ ਕਿ ਪੈਸੇ ਦੇ ਕੇ ਪਾਠ ਨਾ ਕਰਵਾਓ। ਪੈਸੇ ਦੇ ਕੇ ਕੀਰਤਨ ਨਾ

ਕਰਵਾਓ। ਲੇਕਿਨ ਸ਼ਤਾਬਦੀ ਕਮੇਟੀ ਤੋਂ ਇਹ ਪੁੱਛਿਆ ਜਾਵੇ ਕਿ ਜਦੋਂ ਦੀ ਇਹਨਾਂ ਦੀ ਤੋਂ ਸਿੰਘ ਸਭਾ ਸ਼ਤਾਬਦੀ ਹੋਂਦ ਵਿਚ ਆਈ ਹੈ ਇਸ ਨੇ ਕਿੰਨੇ ਕੁ ਸਿੱਖ ਦਾੜ੍ਹੀਆਂ ਕੱਟਣ ਤੋਂ ਹਟਾਏ ਹਨ। ਕਿੰਨੇ ਕੁ ਲੋਕਾਂ ਨੂੰ ਪਤਿਤ ਹੋਣ ਤੋਂ ਬਚਾਇਆ ਹੈ। ਸਮੇਂ ਇਸ ਸਮੇਂ ਇਨ੍ਹਾਂ ਦੇ ਸਾਰੇ ਪ੍ਰਚਾਰ ਦੇ ਬਾਵਜੂਦ ਲੋਕ ਦਿਨੋਂ ਦਿਨ ਪਤਿਤ ਹੋ ਰਹੇ ਹਨ। ਨਸ਼ਿਆਂ ਵਿਚ ਫਸ ਰਹੇ ਹਨ। ਹਾਂ! ਸਿੱਖੀ ਦਾ ਪ੍ਰਚਾਰ ਜੇਕਰ ਕੁਝ ਕੀਤਾ ਹੈ ਤਾਂ ਉਹ ਦਮਦਮੀ ਟਕਸਾਲ ਨੇ ਕੀਤਾ ਹੈ, ਤੇ ਹੁਣ ਵੀ ਕਰ ਰਹੀ ਹੈ। ਇਹ ਸ਼ਤਾਬਦੀ ਵਾਲੇ ਸੱਜਣ ਕੇਵਲ ਚੌਧਰਤਾ ਦੇ ਭੁੱਖੇ ਹਨ। ਕਰਨਾ ਆਪ ਕੁਝ ਵੀ ਨਹੀਂ ਅਤੇ ਜਿਹੜੇ ਰਾਗੀ ਗਰੰਥੀ ਪ੍ਰਚਾਰਕ ਆਪ ਅਤਿ ਦੀ ਗਰੀਬੀ ਦੀ ਹਾਲਤ ਵਿਚ ਆਪਣੇ ਬੱਚਿਆਂ ਨੂੰ ਭੁੱਖਾ ਰੱਖ ਕੇ ਵੀ ਸਿੱਖੀ ਦਾ ਪ੍ਰਚਾਰ ਕਰਦੇ ਹਨ, ਉਹਨਾਂ ਵਾਸਤੇ ਸਭਾ ਕਹਿੰਦੀ ਹੈ ਕਿ ਭਾੜੇ ਤੇ ਕੀਰਤਨ ਨਾ ਕਰਵਾਓ। ਭਾੜੇ ਤੇ ਪਾਠ ਨਾ ਕਰਵਾਓ। ਕੀ ਸਿੰਘ ਸਭਾ ਸ਼ਤਾਬਦੀ ਇਸ ਲਈ ਬਣਾਈ ਗਈ ਸੀ ਕਿ ਇਹ ਰਾਗੀਆਂ ਗਰੰਥੀਆਂ ਦਾ ਘਲਾ ਘੁੱਟੇ? ਰਾਗੀਆਂ ਗਰੰਥੀਆਂ ਨੂੰ ਮਾਇਆ ਦੇਣ ਨਾਲ ਕੋਈ ਸਿੱਖੀ ਪਤਿਤ ਨਹੀਂ ਹੁੰਦੀ। ਸਿੱਖੀ ਪਤਿਤ ਹੋ ਰਹੀ ਹੈ ਉਹਨਾਂ ਲੀਡਰਾਂ ਵੱਲ ਵੇਖ ਕੇ ਜਿਹਨਾਂ ਦਾ ਆਪਣਾ ਕੋਈ ਆਚਰਣ ਨਹੀਂ ਅਤੇ ਹਰ ਵਕਤ ਚੌਧਰ ਦੀ ਕੁਰਸੀ ਨਾਲ ਚਿੰਬੜੇ ਹੋਏ ਹਨ। ਐਸੇ ਸੱਜਣਾਂ ਬਾਰੇ ਹੀ ਭਗਤ ਕਬੀਰ ਜੀ ਨੇ ਲਿਖਿਆ ਹੈ:

ਆਪ ਨ ਦੇਇ ਚੁਲੂ ਭਰ ਪਾਨੀ
ਤਿਹ ਨਿੰਦਹਿ ਜਿਹ ਗੰਗਾ ਆਨੀ
ਅਵਰਨ ਹਸਤ ਆਪ ਹਹਿ ਕਾਨੇ
ਤਿਨ ਕਉ ਦੇਖ ਕਬੀਰ ਲਜਾਨੇ।

ਸੋ ਪਾਠਕ ਜੀ ਇਹ ਰਾਗੀ, ਗਰੰਥੀ-ਪਾਠੀ ਫਰੀ ਪਾਠ ਅਤੇ ਫਰੀ ਕੀਰਤਨ ਕਰ ਸਕਦੇ ਹਨ ਬਸ਼ਰਤੇ ਕਿ ਕੌਮ ਦੇ ਆਗੂ ਤੇ ਸਿੰਘ ਸਭਾਵਾਂ ਇਸ ਗੱਲ ਦਾ ਜ਼ਿੰਮਾ ਚੁੱਕ ਲੈਣ ਕਿ ਰਾਗੀ ਪ੍ਰਚਾਰਕਾਂ ਨੂੰ ਹਰ ਚੀਜ਼ ਦੀ ਫਰੀ ਸਹੂਲਤ ਹੋਵੇ। ਰਹਿਣ ਵਾਸਤੇ ਮਕਾਨ ਫਰੀ ਹੋਣ। ਬਿਜਲੀ ਪਾਣੀ ਸਭ ਫਰੀ ਹੋਵੇ। ਰਾਗੀ ਗਰੰਥੀ ਜਿਸ ਦੁਕਾਨ ਤੇ ਵੀ ਜਾਣ ਕੌਮ ਦਾ ਸਭ ਸਿੱਖ ਸਮਾਜ ਇਹਨਾਂ ਨੂੰ ਹਰ ਇਕ ਚੀਜ਼ ਫਰੀ ਦੇਣੇ। ਕਪੜਾ, ਰਾਸ਼ਨ, ਪੜ੍ਹਾਈ ਗਰਜ਼ ਦੀ ਹਰ ਇਕ ਚੀਜ਼ ਇਹਨਾਂ ਨੂੰ ਮੁਫਤ ਦੇਣੀ ਚਾਹੀਦੀ ਹੈ, ਤਾਂ ਰਾਗੀ ਪ੍ਰਚਾਰਕ ਵੀ ਸਭ ਕੰਮ ਫਰੀ ਕਰਨਗੇ।

ਸੋ ਬੇਨਤੀ ਹੈ ਕਿ ਰਾਗੀ ਪ੍ਰਚਾਰਕਾਂ ਨੂੰ ਜੇਕਰ ਤਨਖਾਹ ਦਿੰਦੇ ਹੋ ਤਾਂ ਘੱਟੋ ਘੱਟ ਇਤਨੀ ਤਨਖਾਹ ਜ਼ਰੂਰ ਦਿਓ ਕਿ ਰਾਗੀ ਪ੍ਰਚਾਰਕਾਂ ਨੂੰ ਹੋਰ ਪਾਸੇ ਨਾ ਝਾਕਣਾ ਪਵੇ। ਕਈ ਗਰੀਬ ਰਾਗੀ ਸਿੰਘ ਨੌਕਰੀ ਦੇ ਲਾਲਚ ਵਿਚ ਆ ਕੇ ਥੋੜ੍ਹੀ ਤਨਖਾਹ ਤੇ ਹੀ ਕੰਮ ਕਰਨਾ ਮੰਨ ਲੈਂਦੇ ਹਨ। ਸਭਾ ਨੂੰ ਆਮਦਨ ਦਾ ਅੱਧ ਦੇਣਾ ਵੀ ਮੰਨ ਲੈਂਦੇ ਹਨ। ਪਰ ਜਦੋਂ ਗੁਜ਼ਾਰਾ ਨਹੀਂ ਚਲਦਾ ਫਿਰ ਕਮਾਈ ਵਿਚੋਂ ਕਮੇਟੀ ਨੂੰ ਹਿੱਸਾ ਨਹੀਂ ਦਿੰਦੇ।

ਸਭਾਵਾਂ ਫਿਰ ਗੁਰੂ ਦੇ ਕੀਰਤਨੀਆਂ ਨੂੰ ਚੋਰ ਦਾ ਨਾਮ ਦੇ ਕੇ ਪੁਕਾਰਦੀਆਂ ਹਨ। ਗਬਨ ਦਾ ਨਾਮ ਦਿੰਦੀਆਂ ਹਨ। ਕਈ ਥਾਵਾਂ ਤੇ ਰਾਗੀ ਪ੍ਰਚਾਰਕ ਭੇਟਾ ਆਪ ਮੰਗ ਲੈਂਦੇ ਹਨ ਤਾਂ ਸੰਗਤਾਂ ਕਹਿੰਦੀਆਂ ਹਨ ਕਿ ਤੁਸੀਂ ਬਾਣੀ ਵੇਚਣੀ ਸ਼ੁਰੂ ਕਰ ਦਿੱਤੀ ਹੈ। ਸੋ ਗੁਰੂ ਸਿੱਖੋ ਬਾਣੀ ਦੀ ਕੀਮਤ ਕੋਈ ਨਹੀਂ ਦੇ ਸਕਦਾ। ਇਹ ਬਾਣੀ ਦੀ ਕੀਮਤ ਕੋਈ ਨਹੀਂ ਮੰਗਦੇ ਬਲਕਿ ਆਪਣੀ ਮਿਹਨਤ ਦਾ ਮੁੱਲ ਮੰਗਦੇ ਹਨ। ਜਿਸ ਵਿਦਿਆ ਵਾਸਤੇ ਇਹਨਾਂ ਨੇ ਆਪਣੀ ਜ਼ਿੰਦਗੀ ਲਗਾਈ ਹੁੰਦੀ ਹੈ, ਉਸ ਮਿਹਨਤ ਦਾ ਖਰਚ ਮੰਗਦੇ ਹਨ। ਫਿਰ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਵਿਆਹ ਸ਼ਾਦੀਆਂ ਤੇ ਅਸੀਂ ਹਜ਼ਾਰਾਂ, ਲੱਖਾਂ ਰੁਪਏ ਬਰਬਾਦ ਕਰਦੇ ਹਾਂ ਸਿਰਫ਼ ਦਿਖਾਵਾ ਕਰਨ ਲਈ ਜਿਵੇਂ ਬੈਂਡ ਵਾਲਿਆਂ ਨੂੰ ਦਸਾਂ-ਦਸਾਂ, ਵੀਹਾਂ-ਵੀਹਾਂ, ਪੰਜਾਹ-ਪੰਜਾਹ ਦੇ ਨੋਟ ਲੋਕਾਂ ਨੂੰ ਵਿਖਾ ਵਿਖਾ ਕੇ ਦਿੰਦੇ ਹਾਂ, ਸ਼ਰਾਬ ਤੇ ਅਥਾਹ ਪੈਸਾ ਖਰਚ ਕਰਦੇ ਹਾਂ ਅਤੇ ਹੋਰ ਕਈ ਤਰ੍ਹਾਂ ਦੇ ਫਜ਼ੂਲ ਖਰਚ ਕਰਦੇ ਹਾਂ। ਜੇ ਨਾ ਕਰੀਏ ਤਾਂ ਫਿਰ ਅਸੀਂ ਕਹਿੰਦੇ ਹਾਂ ਕਿ ਸਾਡੀ ਨੱਕ ਨਹੀਂ ਰਹਿੰਦੀ। ਪਰ ਜਦੋਂ ਰਾਗੀ ਗਰੰਥੀਆਂ ਦੀ ਵਾਰੀ ਆਉਂਦੀ ਹੈ ਤੇ ਫਿਰ ਕਈਆਂ ਕੋਲੋਂ ਪੁੱਛਾਂਗੇ ਕਿ ਰਾਗੀਆਂ ਨੂੰ ਕਿੰਨੇ ਪੈਸੇ ਦੇਈਏ ? ਗਰੰਥੀ ਨੂੰ ਅਰਦਾਸ ਭੇਟ ਕੀ ਕਰੀਏ ? ਉਸ ਵੇਲੇ ਇਹ ਸੋਚਦੇ ਹਾਂ ਕਿ ਕਿਤੇ ਜ਼ਿਆਦਾ ਪੈਸੇ ਰਾਗੀ ਪ੍ਰਚਾਰਕਾਂ ਨੂੰ ਜਾਂ ਗੁਰੂ ਘਰ ਨੂੰ ਚਲੇ ਗਏ ਤਾਂ ਸਾਡੀ ਨੱਕ ਵੱਢੀ ਜਾਏਗੀ। ਗੱਲ ਸਿਰਫ ਇਤਨੀ ਹੈ ਕਿ ਅਸੀਂ ਹਰ ਉਹ ਕੰਮ ਕਰਦੇ ਹਾਂ ਉਥੇ ਪੈਸਾ ਦਿੰਦੇ ਹਾਂ ਜਿੱਥੇ ਸਾਡੀ ਹਉਮੈ ਵਿਚ ਵਾਧਾ ਹੁੰਦਾ ਹੋਵੇ। ਜੇ ਕਿਸੇ ਸਿਹਰਾ ਪੜ੍ਹਨਾ ਹੈ ਤਾਂ ਉਹ ਨੂੰ ਅਸੀਂ ਦਸ ਦਸ ਦੇ ਨੋਟ ਦਿਆਂਗੇ ਤੇ ਕੀਰਤਨ ਭੇਟਾ ਦੀ ਵਾਰ ਸਾਡੇ ਕੋਲੋਂ ਦੋ ਰੁਪਏ ਤੋਂ ਵੱਧ ਨੋਟ ਹੀ ਨਹੀਂ ਨਿਕਲਦਾ। ਕੀ ਇਹ ਹੀ ਕਦਰ ਹੈ ਸਾਡੇ ਮਨਾਂ ਵਿਚ ਗੁਰੂ ਦੇ ਕੀਰਤਨੀਆਂ ਦੀ ? ਸਤਿਗੁਰੂ ਤਾਂ ਕਹਿੰਦੇ ਹਨ : 'ਨਹ ਬਿਲੰਬ ਧਰਮੰ। ਬਿਲੰਬ ਪਾਪੰ।' ਅਰਥਾਤ ਧਰਮ ਕਰਨ ਲਗਿਆਂ ਦੇਰੀ ਨਾ ਕਰੋ ਤੇ ਪਾਪ ਕਰਨ ਲਗਿਆਂ ਦੇਰੀ ਕਰੋ। ਪਰ ਅਸੀਂ ਧਰਮ ਕਰਨ ਲਗਿਆਂ ਸੌ ਵਾਰ ਪੁੱਛਦੇ ਹਾਂ ਕਿ ਗੁਰੂ ਘਰ ਨੂੰ ਕਿੰਨੇ ਪੈਸੇ ਦੇਈਏ ਜੋ ਘੱਟ ਤੋਂ ਘੱਟ ਹੋਣ ਅਤੇ ਬੈਂਡ ਤੇ ਸ਼ਰਾਬ ਤੇ ਖਰਚ ਕਰਨ ਲੱਗਿਆ ਕਿਸੇ ਕੋਲੋਂ ਨਹੀਂ ਪੁੱਛਦੇ ਕਿ ਕਿਤੇ ਪੈਸੇ ਜ਼ਿਆਦਾ ਨਾ ਚਲੇ ਜਾਣ।

ਗੁਰ ਸਿੱਖੋ-ਇਕ ਵਾਰ ਇਕ ਬਾਜ਼ੀਗਰ 'ਮਿਰਾਸੀ' ਗੁਰੂ ਗੋਬਿੰਦ ਸਿੰਘ ਜੀ ਪਾਸ ਆਇਆ। ਉਸ ਨੇ ਇਕ ਸ਼ਬਦ ਯਾਦ ਕਰਕੇ ਤੇ ਗਾਇਨ ਕਰਕੇ ਸਤਿਗੁਰੂ ਸਾਹਿਬ ਜੀ ਨੂੰ ਸੁਣਾਇਆ। ਸਤਿਗੁਰੂ ਪਾਤਿਸ਼ਾਹ ਇਤਨੇ ਖੁਸ਼ ਹੋਏ ਕਿ ਇਕ ਚਿੱਟ ਲਿਖ ਕੇ ਖਜ਼ਾਨਚੀ ਨੂੰ ਦਿੱਤੀ ਕਿ ਇਸ ਪ੍ਰੇਮੀ ਨੂੰ ਇਕ ਸੌ ਮੋਹਰਾਂ ਦੀ ਥੈਲੀ ਦੇ ਦਿਓ, ਇਸ ਨੇ ਗੁਰੂ ਕਾ ਸ਼ਬਦ ਸੁਣਾਇਆ ਹੈ। ਖਜ਼ਾਨਚੀ ਪਾਸ ਜਦੋਂ ਉਹ ਪ੍ਰੇਮੀ ਸਾਹਿਬਾਂ ਦੀ ਚਿੱਟ ਲੈ ਕੇ ਪਹੁੰਚਿਆ ਤਾਂ ਉਹ ਵੇਖ ਕੇ ਹੈਰਾਨ ਹੋ ਗਿਆ ਕਿ ਇਤਨੀ ਰਕਮ ! ਤਾਂ ਖਜ਼ਾਨਚੀ ਨੇ ਉਸ ਪ੍ਰੇਮੀ ਨੂੰ ਕਿਹਾ ਕਿ ਦੁਬਾਰਾ ਚਿੱਟ ਲਿਖਵਾ ਕੇ ਲਿਆਓ, ਸਾਹਿਬ ਭੁੱਲ ਗਏ ਹਨ। ਜਦੋਂ ਦੁਬਾਰਾ ਉਹ ਪ੍ਰੇਮੀ ਸਾਹਿਬ ਜੀ ਪਾਸ ਆਇਆ ਤਾਂ ਸਾਹਿਬ

ਕਹਿਣ ਲੱਗੇ ਕਿ, ਹਾਂ ਮੇਰੇ ਪਾਸੋਂ ਭੁੱਲ ਹੋਈ ਹੈ। ਸਾਹਿਬ ਦੁਬਾਰਾ ਕਿ ਲਿਖਿਆ ਇਸ ਨੂੰ ਦੋ ਸੌ ਮੋਹਰਾਂ ਦੇ ਦਿਓ। ਇਸੇ ਤਰ੍ਹਾਂ ਫਿਰ ਤੀਜੀ ਵਾਰ ਖਜਾਨਚੀ ਨੇ ਮੋੜ ਦਿੱਤਾ। ਖਜਾਨਚੀ ਤਾਂ ਸੌ ਮੋਹਰਾਂ ਹੀ ਜ਼ਿਆਦਾ ਸਮਝ ਰਿਹਾ ਸੀ ਤੇ ਸਾਹਿਬਾਂ ਨੇ ਹੋਰ ਵਧਾ ਕੇ ਲਿਖ ਦਿੱਤੀਆਂ ? ਜਦੋਂ ਦੂਜੀ ਵਾਰ ਫਿਰ ਪ੍ਰੇਮੀ ਮੁੜ ਕੇ ਆਇਆ ਤਾਂ ਸਾਹਿਬ ਜੀ ਨੇ ਤਿੰਨ ਸੌ ਮੋਹਰਾਂ ਲਿਖ ਦਿੱਤੀਆਂ। ਜਦੋਂ ਪ੍ਰੇਮੀ ਤੀਜੀ ਵਾਰ ਖਜਾਨਚੀ ਪਾਸ ਆਇਆ ਤਾਂ ਖਜਾਨਚੀ ਅ,ਪ ਉਠ ਕੇ ਸਤਿਗੁਰਾਂ ਪਾਸ ਆਇਆ, ਸਹੀ ਕਰਵਾਉਣ ਲਈ, ਤਾਂ ਸਤਿਗੁਰੂ ਜੀ ਨੇ ਫਿਰ ਕਿਹਾ ਕਿ ਮੈਂ ਭੁੱਲ ਗਿਆ ਹਾਂ ਆਪ ਇਨ੍ਹਾਂ ਨੂੰ ਪੰਜ ਸੌ ਮੋਹਰਾਂ ਦੇ ਦਿਓ। ਖਜਾਨਚੀ ਕਹਿਣ ਲੱਗਾ ਸਤਿਗੁਰੂ ਜੀ, ਇਕ ਸ਼ਬਦ ਦੀ ਇਤਨੀ ਭੇਟਾ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਗੁਰਬਾਣੀ ਵਿਚ ਤਾਂ ਲਿਖਿਆ ਹੈ :

ਜੋ ਹਰਿ ਪ੍ਰਭ ਕਾ ਮੈਂ ਦੇਇ ਸਨੇਹਾ
ਤਿਸ ਮਨ ਤਨ ਆਪਣਾ ਦੇਵਾ।
ਨਿਤ ਪਖਾ ਫੇਰੀ ਸੇਵ ਕਮਾਵਾ
ਤਿਸ ਆਗੈ ਪਾਣੀ ਢੋਵਾ।

ਜਿਹੜੇ ਸੱਜਣ ਕਹਿੰਦੇ ਹਨ ਕਿ ਪਾਠ ਦੀ ਜਾਂ ਕੀਰਤਨ ਦੀ ਭੇਟਾ ਨਾ ਦਿਓ, ਜਿਹੜੇ ਕਹਿੰਦੇ ਹਨ ਕਿ ਰਾਗੀ ਸਿੰਘ ਬਾਣੀ ਵੇਚਦੇ ਹਨ, ਕੀ ਉਹਨਾਂ ਲੋਕਾਂ ਨੇ ਇਸ ਉਤਲੀ ਤੁਕ ਤੇ ਕਦੇ ਵੀਚਾਰ ਕੀਤੀ ਹੈ ਕਿ ਨਹੀਂ ! ਜੇ ਨਹੀਂ ਕੀਤੀ ਤਾਂ ਵੀਚਾਰ ਕਰਨ ਅਤੇ ਰਾਗੀਆਂ ਗਰੰਥੀਆਂ ਦੀ ਕਦਰ ਕਰਨੀ ਸਿੱਖਣ।

ਇੱਕ ਗੱਲ ਹੋਰ ਕਹਿ ਕੇ ਮੈਂ ਲੇਖ ਨੂੰ ਸਮਾਪਤ ਕਰਦਾ ਹਾਂ। ਇਕ ਵਾਰ ਮੈਂ ਚੰਡੀਗੜ੍ਹ ਗਿਆ ਤਾਂ ਉਥੇ ਇਕ ਗੁਰਦੁਆਰੇ ਵਿਚ ਦੋ-ਤਿੰਨ ਬਜ਼ੁਰਗ ਬੈਠੇ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਰਾਗੀ ਪਾਠੀ ਪ੍ਰਚਾਰਕ ਬੜੇ ਲਾਲਚੀ ਹੋ ਗਏ ਹਨ। ਬਹੁਤ ਪੈਸੇ ਮੰਗਣ ਲੱਗ ਪਏ ਹਨ। ਉਹ ਮਿਸਾਲ ਦੇ ਰਹੇ ਸਨ ਕਿ ਗੁਰੂ ਨਾਨਕ ਸਾਹਿਬ ਸਾਰੀ ਉਮਰ ਫਿਰ ਕੇ ਪ੍ਰਚਾਰ ਕਰਦੇ ਰਹੇ ਹਨ। ਉਨ੍ਹਾਂ ਕਿਸੇ ਤੋਂ ਕੁਝ ਨਹੀਂ ਲਿਆ ਅਤੇ ਅਜ ਕਲ੍ਹ ਦੇ ਪ੍ਰਚਾਰਕ ਗੁਰੂ ਨਾਨਕ ਦਾ ਪ੍ਰਚਾਰ ਕਰਨ ਲਈ ਲੋਕਾਂ ਕੋਲੋਂ ਮਾਇਆ ਮੰਗਦੇ ਹਨ। ਇਹ ਸੁਣ ਕੇ ਦਾਸ ਨੇ ਉਹਨਾਂ ਵਿਚੋਂ ਇੱਕ ਬਜ਼ੁਰਗ ਨੂੰ ਪੁੱਛਿਆ ਕਿ ਪਹਿਲੇ ਤੁਸੀਂ ਕੀ ਕਰਦੇ ਸੀ ? ਕਹਿਣ ਲੱਗੇ ਗੌਰਮਿੰਟ ਦੀ ਸਰਵਿਸ ਕਰਦਾ ਸੀ। ਮੈਂ ਉਨ੍ਹਾਂ ਕੋਲੋਂ ਪੁੱਛਿਆ ਕਿ ਤੁਹਾਡੀ ਤਨਖਾਹ ਕਿਤਨੀ ਸੀ। ਕਹਿਣ ਲੱਗੇ ਨੌਕਰੀ ਸ਼ੁਰੂ ਕਰਨ ਸਮੇਂ ਸੱਠ ਰੁਪਏ ਸੀ ਅਤੇ ਰਿਟਾਇਰਡ ਹੋਣ ਸਮੇਂ ਇਕ ਹਜ਼ਾਰ। ਤਾਂ ਦਾਸ ਨੇ ਕਿਹਾ ਜਦ ਤੁਸੀਂ ਸੱਠ ਰੁਪਏ ਵਿਚ ਗੁਜ਼ਾਰਾ ਕਰਦੇ ਰਹੇ ਹੋ ਤਾਂ ਨੌ ਸੌ ਚਾਲੀ ਰੁਪਏ ਵਾਧੂ ਕਿਉਂ ਲਏ। ਉਹਨਾਂ ਜੁਵਾਬ ਦਿੱਤਾ ਕਿ ਜਿਉਂ ਜਿਉਂ ਮਹਿੰਗਾਈ ਵਧਦੀ ਗਈ ਤਿਉਂ ਤਿਉਂ ਤਨਖਾਹ ਵੀ ਵਧਦੀ ਗਈ। ਤਾਂ ਦਾਸ ਨੇ ਪੁੱਛਿਆ ਕਿ ਮਹਿੰਗਾਈ ਕੀ ਤੁਹਾਡੇ ਵਾਸਤੇ ਹੀ ਵਧਦੀ ਰਹੀ ਹੈ ਅਤੇ ਰਾਗੀਆਂ ਪਾਠੀਆਂ ਵਾਸਤੇ ਨਹੀਂ ਵਧਦੀ ਰਹੀ ਅਤੇ ਤੁਸੀਂ ਮਿਸਾਲ ਦਿੱਤੀ ਹੈ ਗੁਰੂ ਨਾਨਕ ਦੇਵ ਜੀ ਦੀ, ਉਹ ਤਾਂ ਆਪ ਪਾਰਬ੍ਰਹਮ

ਪ੍ਰਮੇਸ਼ਵਰ ਸਨ। ਉਨ੍ਹਾਂ ਦਾ ਤੇ ਆਮ ਸਿੱਖ ਦਾ ਮੁਕਾਬਲਾ ਕਿਵੇਂ ਹੋ ਸਕਦਾ ਹੈ। ਸਿੱਖ ਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ। ਫਿਰ ਸਾਹਿਬ ਜੀ ਦੇ ਨਾਲ ਭਾਈ ਮਰਦਾਨਾ ਜੀ ਵੀ ਤਾਂ ਸਨ। ਉਹ ਤਾਂ ਹਰ ਵਕਤ ਸਾਹਿਬ ਜੀ ਤੋਂ ਖਾਣ ਲਈ ਮੰਗਦੇ ਹੀ ਰਹਿੰਦੇ ਸਨ। ਸੋ ਗੁਰੂ ਸਿੱਖੋ, ਸਿੰਘ ਸਭਾਓ ਅਖੀਰ ਵਿਚ ਬੇਨਤੀ ਹੈ ਕਿ ਗਰੰਥੀ, ਰਾਗੀ ਤੇ ਪ੍ਰਚਾਰਕ ਕੌਮ ਦੇ ਹੀਰੇ ਹਨ। ਇਹਨਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਣਾ ਕੌਮ ਦਾ ਫਰਜ਼ ਹੈ। ਹਾਂ ਰਾਗੀਆਂ ਕੋਲੋਂ ਮੰਗ ਕਰੋ ਕਿ ਉਹ ਪੂਰੀ ਮਿਹਨਤ ਕਰਕੇ ਰਾਗ ਰੀਤਾਂ ਯਾਦ ਕਰਕੇ ਅੱਛੇ ਤੋਂ ਅੱਛੇ ਨਵੇਂ ਤੋਂ ਨਵੇਂ ਸ਼ਬਦ ਤੁਹਾਨੂੰ ਸੁਣਾਉਣ। ਜਦ ਤੁਸੀਂ ਮੰਗ ਕਰੋਗੇ ਤਾਂ ਇਹ ਲੋਕ ਆਪਣੀ ਲੋੜ ਨੂੰ ਮਿਹਨਤ ਕਰਨਗੇ ਤੇ ਗੁਰਬਾਣੀ ਯਾਦ ਕਰਨਗੇ। ਦਾਸ ਨੇ ਵੱਡੀਆਂ ਵੱਡੀਆਂ ਸਭਾਵਾਂ, ਸ਼ਰੋਮਣੀ ਕਮੇਟੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਵਿਚ ਵੇਖਿਆ ਹੈ ਕਿ ਸਿਫਾਰਸ਼ ਅਤੇ ਇਥੋਂ ਤੱਕ ਵੀ ਕਿ ਜਿਹੜਾ ਰਿਸ਼ਵਤ ਦੇਵੇ ਉਸ ਰਾਗੀ ਨੂੰ ਮੁਲਾਜ਼ਮ ਰਖਦੇ ਹਨ। ਪਰ ਜਿਸ ਦੀ ਸਿਫਾਰਸ਼ ਨਾ ਹੋਵੇ ਜਾਂ ਰਿਸ਼ਵਤ ਨਾ ਦੇ ਸਕੇ ਉਹ ਭਾਵੇਂ ਕਿਤਨਾ ਵੱਡਾ ਕਲਾਕਾਰ ਕਿਉਂ ਨਾ ਹੋਵੇ, ਉਸ ਨੂੰ ਨਹੀਂ ਰੱਖਿਆ ਜਾਂਦਾ। ਸੋ ਅੰਤ ਵਿਚ ਦਾਸ ਸਭ ਸਭਾਵਾਂ ਪਾਸ ਅਪੀਲ ਕਰਦਾ ਹੈ ਕਿ ਗੁਰੂ ਘਰ ਵਿਚੋਂ ਸ਼ਿਫਾਰਸ਼ਾਂ ਨੂੰ ਅਤੇ ਰਿਸ਼ਵਤ ਖੋਰੀਆਂ ਨੂੰ ਕੱਢ ਦਿਓ। ਯੋਗਤਾ ਅਨੁਸਾਰ ਮੁਲਾਜ਼ਮ ਰੱਖੋ। ਰਾਗੀਆਂ ਪਾਸੋਂ ਸ਼ਬਦ ਭੇਟ ਦਾ ਅੱਧ ਦੀ ਬਿਰਥਾ ਖਤਮ ਕੀਤੀ ਜਾਵੇ। ਸਾਰੀ ਸ਼ਬਦ ਭੇਟ ਰਾਗੀ ਸਿੰਘਾਂ ਨੂੰ ਹੀ ਮਿਲੇ। ਰਾਗੀ ਪ੍ਰਚਾਰਕਾਂ ਨੂੰ ਵੱਧ ਤੋਂ ਵੱਧ ਅਤੇ ਚੰਗੀਆਂ ਤਨਖਾਹਾਂ ਤੇ ਗਰੇਡ ਦੇ ਕੇ ਉਹਨਾਂ ਦੀਆਂ ਝੋਲੀਆਂ ਭਰ ਦਿਓ। ਤਾਂ ਜੋ ਰਾਗੀ ਪ੍ਰਚਾਰਕ ਦੁਨੀਆਂ ਵਿਚ ਸ਼ਾਨ ਨਾਲ ਅਤੇ ਮਾਣ ਨਾਲ ਕਹਿ ਸਕਣ ਕਿ ਅਸੀਂ ਸਿੱਖ ਕੌਮ ਦੇ ਰਾਗੀ ਪ੍ਰਚਾਰਕ ਹਾਂ। ਜੋ ਕੌਮਾਂ ਆਪਣੇ ਪ੍ਰਚਾਰਕਾਂ ਦਾ ਸਤਿਕਾਰ ਕਰਦੀਆਂ ਹਨ, ਉਹ ਹੀ ਕੌਮਾਂ ਤਰੱਕੀ ਤੇ ਜਾਂਦੀਆਂ ਹਨ। ਭੁੱਲ ਚੁੱਕ ਲਈ ਦਾਸ ਖ਼ਿਮਾਂ ਦਾ ਜਾਚਕ ਹੈ। ਆਸ ਹੈ ਖ਼ਿਮਾ ਕਰੋਗੇ।

---

ਸ੍ਰ. ਆਵਤ ਸਿੰਘ ਜੀ ਨੇ ਅੰਮ੍ਰਿਤ ਕੀਰਤਨ ਦੇ ਸਤੰਬਰ 1990 ਦੇ ਅੰਕ ਵਿਚ ਸੰਗੀਤ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੇ ਸਬੰਧ ਵਿਚ ਪ੍ਰੋ. ਤਾਰਾ ਸਿੰਘ, ਪ੍ਰੋ. ਹਰਭਜਨ ਸਿੰਘ ਤੇ "ਪੰਜਾਬ ਦੀ ਸੰਗੀਤ ਪਰੰਪਰਾ" ਦੀ ਲੇਖਿਕਾ ਗੀਤਾ ਪੈਂਤਲ ਦੇ ਵਿਚਾਰਾਂ ਦੇ ਆਧਾਰ ਤੇ ਰਾਗਾਂ ਦੀ ਗਿਣਤੀ ਅਤੇ ਰਾਗਾਂ ਦਾ ਵਰਗੀਕਰਣ ਕੀਤਾ ਹੈ। ਪਾਠਕ ਇਸ ਬਾਰੇ ਆਪਣੇ ਵਿਚਾਰ ਜਰੂਰ ਦੱਸਣਗੇ।

---

## ਸੋਧ

ਸਤੰਬਰ 1990 ਦੇ ਅੰਕ ਵਿਕ ਟਾਈਟਲ ਪੰਨਾ 2 ਤੇ ਨਵੇਂ ਜੀਵਨ ਮੈਂਬਰਾਂ ਦੀ ਲੜੀ 7 ਉੱਤੇ ਸ੍ਰ ਮਾਲਿਕ ਸਿੰਘ ਐਂਡ ਸਨਜ਼ ਦਾ ਨਾਮ ਗਲਤੀ ਨਾਲ ਮਲਕੀਤ ਸਿੰਘ ਐਂਡ ਸਨਜ਼ ਛਪ ਗਿਆ ਹੈ। ਖ਼ਿਮਾਂ।

ਸੰਪਾਦਕ

# ਰਾਗ ਬਗੇਸ਼ਰੀ

ਗਿਆਨੀ ਇੰਦਰ ਸਿੰਘ

ਪਰਿਭਾਸ਼ਾ : ਇਹ ਰਾਗ ਕਾਫੀ ਥਾਟ ਤੋਂ ਨਿਕਲਦਾ ਹੈ। ਇਸ ਵਿੱਚ ਗੰਧਾਰ ਅਤੇ ਨਿਖਾਧ ਕੋਮਲ ਅਤੇ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਆਰੋਹ ਵਿੱਚ ਰਿੱਖਵ ਅਤੇ ਪੰਚਮ ਸੁਰ ਵਰਜਿਤ ਹਨ। ਪਰ ਇਸ ਬਾਰੇ ਵਿੱਚ ਮਤਭੇਦ ਹਨ ਕੁਝ ਇਸਦੇ ਆਰੋਹ ਤੇ ਅਵਰੋਹ ਦੋਨਾਂ ਵਿੱਚ ਹੀ ਪੰਚਮ ਸੁਰ ਛੱਡ ਦਿੰਦੇ ਹਨ ਅਤੇ ਕੁਝ ਸਾਰੇ ਹੀ ਸੁਰ ਦਾ ਪ੍ਰਯੋਗ ਕਰਦੇ ਹਨ ਇਸ ਲਈ ਇਸ ਦੀ ਜਾਤੀ ਵਿੱਚ ਭੀ ਮਤਭੇਦ ਹੋਣਾ ਸੁਭਾਵਿਕ ਹੀ ਹੈ ਕੁਝ ਲੋਕ ਇਸ ਦੀ ਜਾਤੀ ਔੜਵ-ਸੰਪੂਰਨ ਕੁਝ ਛਾੜਵ-ਛਾੜਵ ਤੇ ਕੁਝ ਸੰਪੂਪਨ-ਸੰਪੂਰਨ ਮੰਨਦੇ ਹਨ। ਇਸ ਦਾ ਵਾਦੀ ਸਵਰ ਮਧਮ ਅਤੇ ਸਮਵਾਦੀ ਖਰਜ ਹੈ। ਇਹ ਰਾਗ ਰਾਤ ਦੇ ਦੂਸਰੇ ਪਹਿਰ ਵਿੱਚ ਗਾਇਆ ਵਜਾਇਆ ਹੈ।

ਆਰੋਹ : ਸ ਨ ਸ ਹ, ਨ ਸ ਮ ਗ ਮ ਧ, ਨ ਸੰ।

ਅਵਰੋਹ : ਸੰ, ਨ ਧ - ਮ ਪ ਧ, ਮ ਪ ਨ - ਮ ਗ, ਰ ਸ।

ਪਕੜ ਜਾਂ ਮੁਖ ਅੰਗ : ਨ ਸ ਧ, ਨ ਸ ਮ – ਗ ਮ ਧ ਮ — ਗ ਮ ਗ, ਰ ਸ।

ਸਵਈਏ ਮਹਲੇ ਚਉਥੇ ਕੇ 8 (9800)

ਅਬ ਰਾਖਹੁ ਦਾਸ ਭਾਟ ਕੀ ਲਾਜ ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥
ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥
ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥
ਸ੍ਰੀ ਸਤਿਗੁਰੁ ਸੁ ਪ੍ਰਸੰਨ ਕਲਜੁਗ ਹੋਇ, ਰਾਖਹੁ ਦਾਸ ਭਾਟ ਕੀ ਲਾਜ ॥੧੨॥

---

# ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

(ਹੇ ਸਤਿਗੁਰ ਜੀ) ਹੁਣ ਇਸ ਦਾਸ (ਨਲ) ਭੱਟ ਦੀ ਲਾਜ ਰੱਖ ਲਵੋ, ਜਿਵੇਂ (ਆਪ ਨੇ) ਪ੍ਰਹਿਲਾਦ ਭਗਤ ਦੀ ਇਜ਼ਤ ਰੱਖੀ ਸੀ ਤੇ ਹਰਨਾਖਸ਼ ਨੂੰ ਹੱਥਾਂ ਦੇ ਨਹੁੰਆਂ ਨਾਲ ਮਾਰ ਦਿੱਤਾ ਸੀ। ਅਤੇ ਹੇ ਹਰਿ ਪ੍ਰਭ ਜੀ ! ਦਰੋਪਤੀ ਦੀ ਵੀ ਆਪ ਨੇ ਇਜ਼ਤ ਬਚਾਈ, ਜਦੋਂ ਉਸ ਦੇ ਬਸਤਰ ਖੋਹੇ ਜਾ ਰਹੇ ਸਨ, ਆਪ ਨੇ ਉਸ ਨੂੰ ਤਦੋਂ ਬਹੁਤ ਬਖਸ਼ਿਆ ਸੀ।

ਹੇ ਸਤਿਗੁਰੂ ਜੀ ! ਸਦਮੇ ਨੂੰ (ਆਪ ਨੇ) ਬਿਪਤਾ ਤੋਂ ਬਚਾਇਆ (ਰਾਮ ਨਾਮ) ਪੜ੍ਹਦੀ ਗਨਿਕਾ ਦੇ ਕਾਰਜ ਸਿਰੇ ਚਾੜ੍ਹੇ। ਹੁਣ ਕਲਜੁਗ ਸਮੇਂ ਇਸ ਸੇਵਕ (ਨਲ) ਭੱਟ ਤੇ ਵੀ ਤਰੁੱਠ ਕੇ ਇਸ ਦੀ ਪੈਜ ਰੱਖੋ।

| | | | | | | | | | | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| X | | O | | 2 | | O | | 3 | | 4 | |
| ਮ | ਗੁ | ਰਗੁ | ਸਰ | ਨ਼_ਸ | ਧਨ਼ | ਸ | ਮ | ਗੁ | ਮ | — | ਮ |
| ਅ | ਬ | ਰਾS | ਖਨੁ | ਦਾS | ਸS | ਭਾ | ਟ | ਕੀ | ਲਾ | S | ਜ |
| ਮ | ਮ | | | | | | | | | | |
| ਗ | ਗ | ਮ | ਧ | ਧ | ਨ | ਮਧ | ਨਸੰ | ਨਧ | ਪਮ | ਗਰ | ਸ |
| - | - | | | | - | | | | | - | |
| ਜੈ | ਸੀ | S | ਰਾ | ਖੀ | S | ਲਾਜ | ਭਗਤ | ਪ੍ਰਹਿ | ਲਾਦ | ਕੀS | S |
| ਮ | ਗੁ | ਰਗੁ | ਸਰ | ਨ਼ਸ | ਧਨ਼ | ਸ | ਮ | ਗੁ | ਮ | — | ਮ |
| ਹ | ਰ | ਨਾS | ਖS | ਸS | ਫਾS | S | ਰੇ | ਕ | ਰਿ | ਆ | ਜ |
| ਅੰਤਰਾ | | | | | | | | | | | |
| ਮ | ਮ | | | | | | | | | | |
| ਗੁ | ਗੁ | ਮ | ਧ | — | ਨ | ਧਨ | ਸ਼ੰ | ਸੰ | ਨ | ਸੰ | ਸੰ |
| ਫੁ | ਦੂ | ਪ | ਤੀ | ਲਾ | ਜ | ਰS | ਖੀ | S | ਹਰਿ | ਪ੍ਰਭ | ਜੀ |
| ਧ | ਨੁ | ਸੰ | ਮੰਗੰ | ਰੰ | ਸੰ | ਨੁ | ਸੰ | ਰੰਸੰ | ਨੁ | ਧ | ਧ |
| ਛੀ | ਨ | ਤ | ਬਸ | ਤ | ਰ | ਦੀ | ਨ | ਬਹੁ | ਸਾ | S | ਜ |
| ਧ | ਮ | ਗੁ | ਮ | ਧ | ਨੁ | ਮਧ | ਨੁਸੰ | ਨਧ | ਪਮ | ਗੁਰ | ਸ |
| ਛੀ | ਨ | ਤ | ਬਸ | ਤ | ਰ | ਦੀS | ਨS | ਬਹ | ਸਾS | SS | ਜ |

(ਨੋਟ ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ)

# ਬੀਬੀ ਭਾਗ ਜੀ ਦਾ ਅਕਾਲ ਚਲਾਣਾ

ਚੰਡੀਗੜ੍ਹ ਦੀਆਂ ਧਾਰਮਿਕ ਸੰਸਥਾਵਾਂ ਅਤੇ ਸਮਾਜਕ ਕਾਰਜਾਂ ਵਿਚ ਰੁਚੀ ਰੱਖਣ ਵਾਲਿਆਂ ਦੇ ਪ੍ਰੇਰਨਾਂ ਸਰੋਤ ਬੀਬੀ ਭਾਗਵੰਤ ਕੌਰ ਜੀ ਮਿਤੀ 16-10-90 ਨੂੰ ਅਕਾਲ ਚਲਾਣਾ ਕਰ ਗਏ ਹਨ। ਅੰਮ੍ਰਿਤ ਕੀਰਤਨ ਟਰਸਟ ਦੀ ਸਥਾਪਨਾ ਸਮੇਂ ਉਹਨਾਂ ਨੇ ਅਗਵਾਈ ਅਤੇ ਅਸੀਸ ਦਿੱਤੀ ਸੀ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸਾਨੂੰ ਬੀਬੀ ਜੀ ਦੇ ਆਦਰਸ਼ਾਂ ਦੀ ਪ੍ਰਾਪਤੀ ਲਈ ਬਲ ਬਖ਼ਸ਼ੇ।

— ਡਾ. ਜਾਗੀਰ ਸਿੰਘ

# ਭਾਈ ਹਰਚਰਨ ਸਿੰਘ ਦਰਵੇਸ਼



— ਇੰਦਰਜੀਤ ਸਿੰਘ ਗੋਗੋਆਣੀ

ਭਾਈ ਹਰਚਰਨ ਸਿੰਘ ਅੰਮ੍ਰਿਤਸਰ 'ਸ੍ਰੀ ਹਰਿਮੰਦਰ ਸਾਹਿਬ' ਵਿਖੇ ਹਜ਼ੂਰੀ ਰਾਗੀ ਹਨ । ਉਹਨਾਂ ਦਾ ਤਖ਼ੱਲਸ ਵੀ ਦਰਵੇਸ਼ ਹੈ ਅਤੇ ਸੁਭਾਅ ਵੀ ਦਰਵੇਸ਼ਾਂ ਵਾਲਾ ਹੀ ਹੈ । ਉਹਨਾਂ ਦਾ ਜਨਮ 1938 ਨੂੰ ਸ੍ਰ: ਕਾਹਨ ਸਿੰਘ ਦੇ ਘਰ ਹੋਇਆ । ਬਚਪਨ ਵਿੱਚ ਸਿਰ ਤੋਂ ਬਾਪ ਦਾ ਸਾਇਆ ਉਠ ਜਾਣ ਕਰਕੇ ਭਾਈ ਸਾਹਿਬ ਨੂੰ ਸੱਤ ਸਾਲ ਦੀ ਉਮਰ ਵਿਚ ਹੀ ਸੈਂਟ੍ਰਲ ਖਾਲਸਾ ਯਤੀਮਖਾਨਾਂ (ਸਰਗੋਧਾ) ਵਿਖੇ ਦਾਖਲ ਕਰਵਾਇਆ ਗਿਆ । ਇਥੋਂ ਹੀ ਇਹਨਾਂ ਸ਼ਬਦ ਕੀਰਤਨ ਸਿਖਣਾਂ ਸ਼ੁਰੂ ਕੀਤਾ । ਇੱਥੇ ਸਿਰਫ ਦੋ ਸਾਲ ਰਹਿਣ ਦਾ ਮੌਕਾ ਮਿਲਿਆ ਤਾਂ ਸੰਤਾਲੀ ਵਿੱਚ ਦੇਸ਼ ਦਾ ਬਟਵਾਰਾ ਹੋ ਗਿਆ । ਬਟਵਾਰੇ ਤੋਂ ਬਾਅਦ ਭਾਈ ਸਾਹਿਬ ਨੂੰ ਗੁਰੂ ਨਾਨਕ ਮਹਾਂਵਿਦਿਆਂਵਾਂ ਮਾਨਪੁਰ ਖੰਟ (ਰੋਪੜ) ਦਾਖਲ ਕਰਵਾ ਦਿੱਤਾ । ਇਥੇ 1948 ਤੋਂ 53 ਤੱਕ ਰਹੇ । ਭਾਈ ਅਮਰੀਕ ਸਿੰਘ ਹੋਰਾਂ ਪਾਸੋਂ ਰਾਗ ਵਿੱਦਿਆ ਪ੍ਰਾਪਤ ਕੀਤੀ ਅਤੇ ਇਸ ਤੋਂ ਸਿਵਾ ਮੰਨੇ ਪ੍ਰਮੰਨੇ ਉਸਤਾਦ ਭਾਈ ਜਸਵੰਤ ਸਿੰਘ ਪਾਸੋਂ ਵੀ ਉਹਨਾਂ ਰਾਗ ਵਿੱਦਿਆ ਦੀ ਜਾਣਕਾਰੀ ਲਈ ।

ਭਾਈ ਹਰਚਰਨ ਸਿੰਘ ਜੀ ਨੇ 1957 ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੋਪੜ, ਦੁਖ ਨਿਵਾਰਨ ਸਾਹਿਬ ਪਟਿਆਲਾ ਅਤੇ 62 ਤੋਂ 82 ਤੱਕ ਭਾਈ ਅਮਰੀਕ ਸਿੰਘ ਹੋਰਾਂ ਨਾਲ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਸਹਾਇਕ ਰਾਗੀ ਵਜੋਂ ਸਰਵਿਸ ਕੀਤੀ । ਸੁਤੰਤਰ ਤੌਰ ਤੇ ਭਾਈ ਸਾਹਿਬ ਨੇ 1982 ਤੋਂ ਕੀਰਤਨ ਕਰਨਾ ਸ਼ੁਰੂ ਕੀਤਾ । ਉਹਨਾਂ ਦੀ ਸਿਫਤ ਇਸ ਗੱਲ ਦੀ ਵੀ ਹੈ ਕਿ ਉਹ ਅਲੋਪ ਹੋ ਰਹੇ ਤੰਤੀ ਸਾਜ਼ 'ਦਿਲਰੁਬਾ'

ਬਾਰੇ ਚੰਗੀ ਮੁਹਾਰਤ ਰੱਖਦੇ ਹਨ। ਭਾਈ ਹਰਚਰਨ ਸਿੰਘ 1982 ਤੱਕ ਵੀਹ ਸਾਲ ਦੇ ਕਰੀਬ ਕੀਰਤਨ ਨਾਲ ਦਿਲਰੁਬਾ ਦਾ ਸਾਥ ਦਿੰਦੇ ਰਹੇ ਹਨ। ਇਸ ਵਿਸ਼ੇਸ਼ਤਾ ਕਰਕੇ ਉਹਨਾਂ ਨੂੰ ਚੀਫ ਖਾਲਸਾ ਦੀਵਾਨ ਵਲੋਂ ਸਪੈਸ਼ਲ ਭੱਤਾ ਵੀ ਮਿਲਦਾ ਰਿਹਾ ਹੈ। ਉਹਨਾਂ ਦੱਸਿਆ ਕਿ ਦਿਲਰੁਬਾ ਖਰੀਦ ਕੇ ਵੀ ਸਵ. ਸ੍ਰ: ਸੰਤ ਸਿੰਘ (ਮੈਂਬਰ ਚੀ: ਖਾ: ਦੀਵਾਨ) ਨੇ ਦਿੱਤਾ ਸੀ। ਅਜੇ ਵੀ ਭਾਈ ਸਾਹਿਬ ਨੇ ਪੂਰੀ ਰੀਝ ਨਾਲ ਸੰਭਾਲ ਕੇ ਕੇ ਰੱਖਿਆ ਹੋਇਆ ਹੈ।

ਪ੍ਰਦੇਸ਼ ਜਾਣ ਦੇ ਮਾਮਲੇ ਵਿੱਚ ਉਹਨਾਂ ਦੱਸਿਆ ਕਿ 1983 ਵਿੱਚ ਕੈਨੇਡਾ ਅਮਰੀਕਾ ਵਿੱਚ ਆਪਣੇ ਰਾਗੀ ਜਥੇ ਨਾਲ ਅੱਠ ਮਹੀਨੇ ਦਾ ਚੱਕਰ ਲਗਾ ਕੇ ਆਏ ਹਨ। ਭਾਈ ਸਾਹਿਬ ਦਾ ਚਿਹਰਾ ਨੌਜਵਾਨਾਂ ਨਾਲੋਂ ਵੀ ਜਲਾਲ ਭਰਪੂਰ ਹੈ। ਇਸ ਦਾ ਰਾਜ ਉਹਨਾਂ ਇਹ ਵੀ ਦੱਸਿਆ ਕਿ ਕੀਰਤਨ ਦੇ ਨਾਲ ਨਾਲ ਜਵਾਨੀ ਉਮਰੇ ਕਬੱਡੀ ਖੇਡਣ ਦਾ ਵੀ ਸ਼ੌਕ ਸੀ। ਨੀਲਾ ਤਾਰਾ ਅਪਰੇਸ਼ਨ ਦੌਰਾਨ ਜਿਥੇ ਉਹਨਾਂ ਦਾ ਮਾਲੀ ਨੁਕਸਾਨ ਹੋਇਆ ਉਥੇ ਮਿਲਟਰੀ ਦੇ ਸਖਤ ਵਰਤਾਓ ਕਰਕੇ ਉਹਨਾਂ ਨੂੰ ਸਰੀਰਕ ਦਰਦ ਦੀ ਸ਼ਿਕਾਇਤ ਵੀ ਹੋ ਗਈ ਹੈ।

ਐਸ ਸਮੇਂ ਉਹਨਾਂ ਦੇ ਸਾਥੀ ਸਹਾਇਕ ਵਜੋਂ ਭਾਈ ਸਤਨਾਮ ਸਿੰਘ ਅਤੇ ਜੋੜੀ ਤੇ ਭਾਈ ਚਰਨਜੀਤ ਸਿੰਘ ਹੈ। ਭਾਈ ਸਾਹਿਬ ਨੂੰ ਤਕਰੀਬਨ ਦੋ ਹਜ਼ਾਰ ਤੋਂ ਵੱਧ ਸ਼ਬਦ ਜ਼ੁਬਾਨੀ ਯਾਦ ਹਨ। ਲੰਮੀ ਮਿਹਨਤ ਅਤੇ ਅਭਿਆਸ ਕਰਕੇ ਰਾਗਾਂ ਅਤੇ ਤਾਲਾਂ ਬਾਰੇ ਵੀ ਚੋਖਾ ਗਿਆਨ ਹੈ। ਉਹਨਾਂ ਦੇ ਪਰਿਵਾਰ ਵਿਚੋਂ ਵੱਡੇ ਲੜਕੇ ਨੇ ਤਬਲੇ ਦੀ ਐਮ. ਏ. ਕੀਤੀ ਹੈ ਅਤੇ ਛੋਟਾ ਲੜਕਾ ਵੀ ਸੁਹਣਾ ਕੀਰਤਨ ਕਰ ਲੈਂਦਾ ਹੈ। ਨਵੀਂ ਪੀੜ੍ਹੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਗੁਰਮਤਿ ਸੰਗੀਤ ਬਾਰੇ ਬੱਚਿਆਂ ਨੂੰ ਵੱਧ ਤੋਂ ਵੱਧ ਉਤਸ਼ਾਹਤ ਕਰਨਾ ਚਾਹੀਦਾ ਹੈ। ਇਸ ਪਾਸੇ ਲਗਨ ਹੋਵੇਗੀ ਤਾਂ ਉਹਨਾਂ ਵਿੱਚ ਉਸਾਰੂ ਰੁਚੀਆਂ ਪੈਦਾ ਹੋਣਗੀਆਂ।

ਅੱਜ ਸਮੇਂ ਦੀ ਲੋੜ ਹੈ, 'ਪੱਛਮੀ ਸਭਿਆਚਾਰ ਦੇ ਪ੍ਰਭਾਵ ਥੱਲੇ ਆਪਣਾ ਵਿਰਸਾ ਭੁਲ ਰਹੇ ਯੁਵਕਾਂ ਨੂੰ ਜੇ ਬਚਪਨ ਤੋਂ ਇਸ ਪਾਸੇ ਪ੍ਰੇਰਿਆ ਜਾਵੇ ਤਾਂ ਉਹ ਗੁਰੂ ਆਸ਼ੇ ਅਨੁਸਾਰ ਚੱਲਦੇ ਹੋਏ ਵਧੀਆ ਸਮਾਜ ਦੇ ਸੁਪਨੇ ਨੂੰ ਸਾਕਾਰਾਤਮਿਕ ਰੂਪ ਦੇ ਸਕਦੇ ਹਨ।

---


# ਇਕ ਕੀਮਤੀ ਤੋਹਫਾ ਮੁਫਤ ਪ੍ਰਾਪਤ ਕਰੋ

ਅੰਮ੍ਰਿਤ ਕੀਰਤਨ ਦੇ ਮੈਂਬਰ ਬਣਾਉਣ ਲਈ ਗੁਰਮਤਿ ਅਤੇ ਸੰਗੀਤ ਵਿਚ ਰੁਚੀ ਰਖਣ ਵਾਲੇ ਆਪਣੇ 10 ਮਿਤਰ/ਪਿਆਰਿਆਂ/ਰਿਸ਼ਤੇਦਾਰਾਂ ਦੇ ਐਡਰੈਸ ਸਾਫ ਸਾਫ ਲਿਖ ਕੇ ਭੇਜੋ ਅਤੇ ਇਕ ਕੀਮਤੀ ਤੋਹਫਾ ਪ੍ਰਾਪਤ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ (ਰਜਿ:)

422 ਸੈਕਟਰ 15-ਏ, ਚੰਡੀਗੜ੍ਹ—160015

# ਗੁਰਬਾਣੀ ਕੀਰਤਨ ਤੇ ਪ੍ਰਮਾਣ

- ਜੋਗਿੰਦਰ ਸਿੰਘ ਗੁਜਰਾਂਵਾਲੀਆ 807, ਸੈਕਟਰ 38-A ਚੰਡੀਗੜ੍ਹ

ਪਿਛਲੇ ਪੰਦਰਾਂ ਵੀਹ ਸਾਲ ਤੋਂ ਕੀਰਤਨ ਵਿਚ ਪ੍ਰਮਾਣ ਦੇਣ ਦੀ ਰੁਚੀ ਤਕਰੀਬਨ ਖਤਮ ਈ ਹੋ ਗਈ ਹੈ। ਕੋਈ ਵਿਰਲਾ ਰਾਗੀ ਸਿੰਘ ਈ ਪ੍ਰਮਾਣ ਦੇਂਦਾ ਸੁਣਾਈ ਦੇਂਦਾ ਹੈ। ਸ਼ਾਇਦ ਇਸ ਦਾ ਇਹ ਵੀ ਕਾਰਨ ਹੈ ਕਿ ਪ੍ਰਮਾਣ ਦੇਣ ਲਈ ਏਨੀ ਬਾਣੀ ਜ਼ਬਾਨੀ ਯਾਦ ਕਰਨੀ ਔਖੀ ਹੋ ਗਈ ਹੈ। 25-30 ਸਾਲ ਪਹਿਲਾਂ ਤਕ ਰਾਗੀ ਸਿੰਘ ਦੋ ਢਾਈ ਘੰਟੇ ਲਗਾਤਾਰ ਕੀਰਤਨ ਕਰਦੇ ਹਨ। ਪ੍ਰਬੰਧਕ ਲੋਕ ਰਾਗੀ ਸਿੰਘਾਂ ਦਾ ਇਸ਼ਤਿਹਾਰਾਂ ਵਿਚ ਘਟ ਤੋਂ ਘਟ ਏਨਾਂ ਸਮਾਂ ਜਰੂਰ ਛਾਪਦੇ ਸਨ। ਰਾਗੀ ਸਿੰਘਾਂ ਵਿਚ ਵੀ ਏਨਾਂ ਦਮ ਹੁੰਦਾ ਸੀ ਕਿ ਓਹ ਦੋ-ਢਾਈ ਘੰਟੇ ਲਗਾਤਾਰ ਕੀਰਤਨ ਕਰਕੇ ਵੀ ਥਕਦੇ ਨਹੀਂ ਸਨ। ਇਸ ਤੋਂ ਇਲਾਵਾ ਜੋ ਸੰਗਤ ਵਿਚੋਂ ਕਿਸੇ ਨੇ ਇਕ ਦੋ ਸ਼ਬਦ ਹੋਰ ਸੁਨਾਣ ਲਈ ਕਹਿ ਦਿੱਤਾ ਤਾਂ ਵੀ ਖੁਸ਼ੀ ਖੁਸ਼ੀ ਸੁਣਾ ਦੇਂਦੇ ਸਨ। ਮਰਯਾਦਾ ਅਨੁਸਾਰ ਪਹਿਲਾਂ ਇਕ ਸ਼ਬਦ ਜਰੂਰ ਪੱਕੇ ਰਾਗ ਵਿਚ ਪੜ੍ਹਦੇ ਸਨ ਤੇ ਬਾਹਦ ਵਿਚ ਸਾਧਾਰਨ ਜਾਂ ਫਿਰ ਠੁਮਰੀ ਦਾਦਰਾ ਦੀਆਂ ਬੰਦਸ਼ਾ ਵਿਚ ਪੜ੍ਹਦੇ ਸਨ। ਕੀਰਤਨ ਦੌਰਾਨ ਸ਼ਬਦ ਵਿਚੋਂ ਕਿਸੇ ਇਕ ਤੁਕ ਨੂੰ ਲੈ ਕੇ ਉਸ ਦੇ ਨਾਲ ਪ੍ਰਮਾਣ ਦੇਂਦੇ ਸਨ। ਵਿਆਖਿਆ ਕਰਕੇ ਸਮਾਂ ਨਹੀਂ ਟਪਾਂਦੇ ਸਨ। ਦਾਸ ਨੂੰ ਛੋਟੀ ਉਮਰ ਤੋਂ ਕੀਰਤਨ ਸੁਨਣ ਤੇ ਕਰਨ ਦਾ ਸ਼ੌਕ ਰਿਹਾ ਹੈ ਅਤੇ ਪੰਥ ਦੇ ਬਹੁਤ ਸਾਰੇ ਪੁਰਾਣੇ ਕੀਰਤਨਕਾਰਾਂ ਨੂੰ ਸੁਨਣ ਦਾ ਬਹੁਤ ਮੌਕਾ ਮਿਲਿਆ ਹੈ। ਖਾਸ ਤੌਰ ਤੇ ਭਾਈ ਸਾਹਿਬ ਚਾਂਦ ਜੀ ਨੂੰ ਜ਼ਿਆਦਾ ਸੁਨਣ ਦਾ ਅਵਸਰ ਪ੍ਰਾਪਤ ਹੋਇਆ ਸੀ। ਇਹ ਰਾਗੀ ਸਿੰਘ ਇਕ ਤੁਕ ਤੇ ਤਕਰੀਬਨ ਇਕ ਘੰਟਾ ਪ੍ਰਮਾਣ ਦੇਂਦੇ ਸਨ। ਪਰ ਸਭ ਤੋਂ ਜ਼ਿਆਦਾ ਭਾਈ ਚਾਂਦ ਜੀ ਇਕ ਤੁਕ ਤੇ ਪ੍ਰਮਾਣ ਦਿਆ ਕਰਦੇ ਸਨ ਜੋ ਬਹੁਤ ਈ ਢੁਕਵੇਂ ਹੁੰਦੇ ਸਨ। ਇਹ ਗਲ ਪੱਕੀ ਹੈ ਕਿ ਪ੍ਰਮਾਣ ਦੇਣ ਲਈ ਬਾਣੀ ਦੀ ਖੋਜ ਤੇ ਫਿਰ ਇਸ ਨੂੰ ਕੰਠ ਕਰਨ ਲਈ ਕਾਫ਼ੀ ਮਿਹਨਤ ਤੇ ਸਮਾਂ ਲਾਣਾ ਪੈਂਦਾ ਹੈ। ਇਹ ਤਾਂ ਈ ਹੋ ਸਕਦਾ ਹੈ ਜੋ ਇਸ ਪਾਸੇ ਪੂਰਾ ਪੂਰਾ ਵਕਤ ਦਿੱਤਾ ਜਾਏ। ਅਜ ਕਲ੍ਹ ਵੀ ਕੁਝ ਰਾਗੀ ਸਿੰਘ ਪ੍ਰਮਾਣ ਥੋੜ੍ਹੇ ਬਹੁਤ ਦੇਂਦੇ ਹਨ ਪਰ ਓਹ ਵੀ ਪੂਰੀ ਤਰ੍ਹਾਂ ਢੁਕਵੇਂ ਨਹੀਂ ਅਤੇ ਇਕ ਮਜ਼ਮੂਨ (ਵਿਸ਼ਾ) ਨਹੀਂ ਰਖਦੇ ਜਿਵੇਂ ਕਿ ਕੁਝ ਸਮਾਂ ਪਹਿਲਾਂ ਦਿੱਲੀ ਦੇ ਇਕ ਰਾਗੀ ਸਿੰਘ ਸ਼ਬਦ ਪੜ੍ਹ ਰਹੇ ਸਨ।

"ਸੇਵਕ ਕੀ ਅਰਦਾਸਿ ਪਿਆਰੇ ਜਪਿ ਜੀਵਾ ਪ੍ਰਭ ਚਰਨ ਤੁਮਾਰੇ"।

ਇਸ ਤੁਕ ਦੇ ਉਨ੍ਹਾਂ ਨੇ ਪ੍ਰਮਾਣ ਦਿੱਤਾ

"ਤੁਧ ਆਗੇ ਅਰਦਾਸ ਹਮਾਰੀ ਜੀਉ ਪਿੰਡ ਸਭ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੇ ਮੇਰਾ ॥

ਇਕ ਢੁਕਵਾਂ ਪ੍ਰਮਾਣ ਨਹੀਂ ਹੈ। ਸ਼ਬਦ ਜਿਸ ਦਾ ਗਾਇਣ ਕੀਤਾ ਜਾ ਰਿਹਾ ਸੀ ਉਸ ਵਿਚ ਜੋ ਅਰਦਾਸ ਹੈ ਓਹ ਨਾਮ ਦੀ ਪ੍ਰਾਪਤੀ ਤੇ ਚਰਨ ਕਮਲਾਂ ਦੀ ਪਰੀਤੀ

ਲਈ ਹੈ। ਇਕ ਹੋਰ ਰਾਗੀ ਸਿੰਘ ਜੋ ਅੰਮ੍ਰਿਤਸਰ ਤੋਂ ਕੀਰਤਨ ਸੁਣਾ ਰਹੇ ਸਨ ਤੇ ਸ਼ਬਦ ਪੜ੍ਹ ਰਹੇ ਸਨ।

ਸੋ ਕਿਛੁ ਕਰ ਜਿਤੁ ਮੈਲੁ ਨ ਲਾਗੈ ॥
ਹਰਿ ਕੀਰਤਨ ਮਹਿ ਇਹੁ ਮਨਿ ਜਾਗੈ ॥
ਉਨ੍ਹਾਂ ਨੇ ਇਸ ਤੇ ਪ੍ਰਮਾਣ ਦਿੱਤਾ
"ਤਹਾਂ ਬੈਕੁੰਠ ਜਹ ਕੀਰਤਨ ਤੇਰਾ ਤੂੰ ਆਪੇ ਸਰਧਾ ਲਾਇ।"

ਇਹ ਵੀ ਢੁਕਵਾਂ ਪ੍ਰਮਾਣ ਨਹੀਂ। ਅਜ ਕਲ੍ਹ ਰਾਗੀ ਸਿੰਘ ਇਕ ਘੰਟੇ ਤੋਂ ਵੱਧ ਕੀਰਤਨ ਕਰਨਾ ਪਸੰਦ ਨਹੀਂ ਕਰਦੇ। ਮੈਂ ਸਮਝਦਾ ਹਾਂ ਕਿ ਇਸ ਦੇ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਅਜ ਕਲ ਚੰਗੀ ਖੁਰਾਕ ਨਹੀਂ ਮਿਲਦੀ ਤੇ ਦੂਸਰਾ ਕਿਸੇ ਹੋਰ ਪਾਸੇ ਦੂਜੇ ਤੀਜੇ ਪਰੋਗਰਾਮਾਂ ਤੇ ਜਾਣ ਦੀ ਕਾਹਲੀ ਹੁੰਦੀ ਹੈ। ਰਾਗੀ ਸਿੰਘਾਂ ਦਾ ਪਰੋਫ਼ੈਸ਼ਨ ਐਸਾ ਹੈ ਕਿ ਫ਼ੈਸ਼ਨ ਨਾਲੋਂ ਜ਼ਿਆਦਾ ਉਨ੍ਹਾਂ ਨੂੰ ਖੁਰਾਕ ਤੇ ਜ਼ੋਰ ਦੇਣ ਦੀ ਲੋੜ ਹੈ। ਸੋ ਰਾਗੀ ਸਿੰਘਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਵੱਧ ਤੋਂ ਵੱਧ ਬਾਣੀ ਯਾਦ ਕਰਨ ਦੀ ਕੋਸ਼ਿਸ਼ ਤੇ ਕੀਰਤਨ ਵਿਚ ਪ੍ਰਮਾਣ ਦੇਣ ਦੀ ਪ੍ਰਥਾ ਨੂੰ ਕਾਇਮ ਰੱਖਣ।

---

# ਦੋ ਅਨਮੋਲ ਕੈਸਟਾਂ

ਐਚ.ਐਮ.ਵੀ. ਵਾਲਿਆਂ ਨੂੰ ਸਦਾ ਸ਼ਿਕਾਇਤ ਰਹੀ ਹੈ ਕਿ ਕਲਾਸੀਕ ਰੰਗ ਦੀਆਂ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਕੀਰਤਨ ਦੀਆਂ ਕੈਸਟਾਂ ਦੀ ਵਿਕਰੀ ਘੱਟ ਹੁੰਦੀ ਹੈ। ਮੈਂ ਉਹਨਾਂ ਨੂੰ ਬੇਨਤੀ ਕਰਦਾ ਰਹਿੰਦਾ ਹਾਂ ਕਿ ਸੰਗਤਾਂ ਹੁਣ ਆਪਣੇ ਸੰਗੀਤਕ ਵਿਰਸੇ ਨੂੰ ਪਛਾਣ ਰਹੀਆਂ ਹਨ ਅਤੇ ਰਾਗ ਭਰਪੂਰ ਕੀਰਤਨ ਵਲ ਰੁਚਿਤ ਹੋ ਰਹੀਆਂ ਹਨ। ਐਚ. ਐਮ.ਵੀ. ਨੇ ਮੇਰੀ ਬੇਨਤੀ ਨੂੰ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਸਮੇਂ ਤਿਆਰ ਕੀਤੇ ਐਲ.ਪੀ, ਦੀਆਂ ਦੋ ਕੈਸਟਾਂ ਤਿਆਰ ਕੀਤੀਆਂ ਹਨ। ਇਹਨਾਂ ਕੈਸਟਾਂ ਵਿਚ ਉੱਘੇ ਕੀਰਤਨੀਆਂ ਅਤੇ ਗਾਇਕਾਂ ਨੇ ਨਿਰਧਾਰਿਤ ਰਾਗਾਂ ਉਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਗਾਇਨ ਕੀਤਾ ਹੈ। ਕੀਰਤਨੀਆਂ ਵਿਚ ਭਾਈ ਤਰਲੋਚਨ ਸਿੰਘ, ਭਾਈ ਹਰਬੰਸ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਧਰਮ ਸਿੰਘ ਜ਼ਖਮੀ, ਭਾਈ ਹਰੀ ਸਿੰਘ, ਪ੍ਰੋ. ਦਰਸ਼ਨ ਸਿੰਘ, ਭਾਈ ਸਮਸ਼ੇਰ ਸਿੰਘ ਸ਼ਾਮਲ ਹਨ ਅਤੇ ਗਾਇਕਾਂ ਵਿਚ ਮੁਹੰਮਦ ਰਫੀ, ਮੰਨਾਡੇ, ਜਗਜੀਤ ਸਿੰਘ, ਚਿਤਰਾ ਸਿੰਘ, ਸੁਰਿੰਦਰ ਕੌਰ, ਅਜੀਤ ਕੌਰ ਅਤੇ ਨੀਲਮ ਸਾਹਨੀ ਦੀਆਂ ਅਵਾਜ਼ਾਂ ਸੁਣਨ ਨੂੰ ਮਿਲਦੀਆਂ ਹਨ।

ਗੁਰਮਤਿ ਸੰਗੀਤ ਪੱਖੋਂ ਇਸ ਕੈਸਟ ਵਿਚ ਐਸ· ਮਹਿੰਦਰ ਦੇ ਸੰਗੀਤ ਨਿਰਦੇਸ਼ਨ ਅਧੀਨ ਜੈਜਾਵੰਤੀ. ਗਉੜੀ, ਬਿਲਾਵਲ, ਸੋਰਠ, ਮਾਰੂ, ਆਸਾ, ਬਸੰਤ, ਦੇਵਗੰਧਾਰੀ ਅਤੇ ਸਾਰੰਗ ਰਾਗਾਂ ਦਾ ਗਾਇਨ ਸਰਲ ਧੁਨਾਂ ਉਤੇ ਕੀਤਾ ਗਿਆ ਹੈ। ਇਹ ਕੈਸਟਾਂ ਨਿਸਚੇ ਹੀ ਸੰਗਤਾਂ ਅਤੇ ਵਿਸ਼ੇਸ਼ ਕਰਕੇ ਅਜੋਕੇ ਕੀਰਤਨੀਆਂ ਲਈ ਅਨਮੋਲ ਹਨ ਸਾਨੂੰ ਚਾਹੀਦਾ ਹੈ ਕਿ ਐਚ.ਐਮ.ਵੀ. ਦਾ ਧੰਨਵਾਦ ਕਰਨ ਦੇ ਨਾਲ ਨਾਲ ਇਹਨਾਂ ਅਦੁੱਤੀ ਕੈਸਟਾਂ ਨੂੰ ਆਪਣੇ ਘਰ ਵਿਚ ਜ਼ਰੂਰ ਰੱਖੀਏ।

—ਡਾ. ਜਾਗੀਰ ਸਿੰਘ

# ਗੁਰਮਤਿ ਸੰਗੀਤ ਦਾ ਉਦੇਸ਼

—ਬਲਜੀਤ ਕੌਰ ਤੁਲਸੀ

ਗੁਰਮਤਿ ਸੰਗੀਤ ਵਿਧੀ, ਪ੍ਰਾਚੀਨ ਸੰਗੀਤ ਵਿਧੀ ਤੋਂ ਬਿਲਕੁਲ ਅਡਰੀ ਹੈ। ਗੁਰਮਤਿ ਸੰਗੀਤ ਦਾ ਆਪਣਾ ਉਦੇਸ਼ ਹੈ, ਭਗਤੀ-ਪ੍ਰਭੂ ਪ੍ਰਾਪਤੀ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਕੀਰਤਨ ਨੂੰ ਮਹਾਨਤਾ ਦਿਤੀ ਗਈ ਹੈ।

(ਰਾਮਕਲੀ ਮਹਲਾ ੫)

(ਸੋਰਠਿ ਮਹਲਾ 4)

ਕੀਰਤਨ ਪ੍ਰਭੂ-ਪ੍ਰਾਪਤੀ ਦਾ ਸਾਧਨ ਹੈ। ਸੰਗੀਤ ਇਕ ਕੋਮਲ ਹੁਨਰ ਹੈ। ਇਹ ਹਿਰਦੇ ਦੇ ਮਰਮੀ ਸਥੱਲ ਤੋਂ, ਫੁਹਾਰੇ ਦੀ ਤਰ੍ਹਾਂ ਆਪ ਮੁਹਾਰੇ ਫੁਟਦਾ ਹੈ। ਹਿਰਦੇ ਦੀਆਂ ਕੋਮਲ-ਭਾਵਨਾਵਾਂ ਵਿਚੋਂ ਹੀ ਭਗਤੀ-ਭਾਵਨਾਂ ਦਾ ਅੰਕੁਰ ਪੁੰਗਰਦਾ ਹੈ। ਸੰਗੀਤ ਅਤੇ ਭਗਤੀ ਦੇਵੀ-ਸਾਥੀ ਹਨ। ਆਦਿ ਕਾਲ ਤੋਂ ਭਗਤ ਜਨ ਆਪਣੀਆਂ ਕੋਮਲ ਭਾਵਨਾਵਾਂ ਸੰਗੀਤ ਦੁਆਰਾ, ਪ੍ਰਭੂ ਦੁਆਰ ਤਕ ਪਹੁੰਚਾਂਦੇ ਆਏ ਹਨ। ਭਗਤੀ-ਭਾਵ ਲਈ ਰਚੇ ਗਏ ਕਾਵਯ-ਸੰਗੀਤ ਨੂੰ ਹੀ ਕੀਰਤਨ ਦੀ ਸੰਗਯਾ ਦਿਤੀ ਗਈ ਹੈ। ਸਤਿਸੰਗ ਅੰਦਰ, ਕੀਰਤਨ ਦੁਆਰਾ, ਇਕਾਗਰਤਾ ਅਤੇ ਇਕਸੁਰਤਾ, ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।

ਗੁਰਮਤਿ ਸੰਗੀਤ ਵਿਧੀ ਦੀ ਉਪਜ ਦਾ ਉਦੇਸ਼ ਕਿਰਤ-ਵਿਰਤ ਨਹੀਂ ਸੀ, ਉਪਜੀਵਕਾ ਨਹੀਂ ਸੀ ਰੋਜ਼ਗਾਰ ਨਹੀਂ ਸੀ। ਇਸਦੀ ਉਪਜ ਨਿਸ਼ਕਾਮਤਾ, ਨਿਸ਼-ਸੁਆਰਥਤਾ, ਪਰਉਪਕਾਰ ਅਤੇ ਸਮਾਜ ਅੰਦਰ ਆਈ ਸੁਰ-ਹੀਨਤਾ, ਬੇਤਾਲਤਾ, ਅਤੇ ਅਨ-ਸੁਮੇਲਤਾ ਨੂੰ ਦੂਰ ਕਰਕੇ ਇਕਸੁਰਤਾ, ਇਕਸਾਰਤਾ, ਸੁਮੇਲਤਾ. ਰਾਗਾਤਮਿਕਤਾ ਅਤੇ ਸੁਰੀਲੇ-ਪਨ ਨੂੰ ਲਿਅਣਾ ਸੀ। ਪਖੰਡ ਕਰਨਾ, ਕੂੜ ਬੋਲਨਾ, ਘਾਤ ਕਰਨਾ, ਬੇਈਮਾਨੀ ਕਰਨਾ, ਰਿਸ਼ਵਤ ਖੋਰੀ, ਮਕਾਰੀ, ਧੋਖੇਬਾਜ਼ੀ ਬਦਮਾਸ਼ੀ ਆਦਿ ਸਮਾਜਕ ਜੀਵਨ ਅਤੇ ਭਾਈਚਾਰੇ ਦੇ ਪਤਨ ਦੀਆਂ ਨਿਸ਼ਾਨੀਆਂ ਸਨ ਇਨ੍ਹਾਂ ਨੂੰ ਦੂਰ ਕਰਕੇ ਜਗਤ-ਜੀਵਨ ਅੰਦਰ ਰਾਗਾਤਮਿਕਤਾ, ਇਕਸੁਰਤਾ, ਸੁਮੇਲਤਾ ਲਿਆ ਕੇ, ਨੀਚੰ-ਊਚ ਅਤੇ ਮਨੁੱਖ ਤੋਂ ਦੇਵਤੇ ਬਨਾਣਾ ਸੀ। ਇਸ ਉਦੇਸ਼ ਦਾ ਪਰਕਾਸ਼ ਹੇਠ ਲਿਖੇ ਸ਼ਬਦ ਤੋਂ ਉਜਾਗਰ ਹੁੰਦਾ ਹੈ।

"ਓਅੰਕਾਰ ਏਕ ਧੁਨਿ ਏਕੈ, ਏਕੈ ਰਾਗ ਅਲਾਪੈ।"

ਏਕਾ ਦੇਸੀ, ਏਕ ਦਿਖਾਵੈ, ਏਕੋ ਰਿਹਾ ਬਿਆਪੈ।"

ਹੇ ਗਾਇਣ ਹਾਰ! ਜਦੋਂ ਤੂੰ ਸ਼ਬਦ ਦਾ ਅਲਾਪ ਗਾਇਣ ਕਰੇ, ਤਾਂ ਇਸ ਤਰ੍ਹਾਂ ਗਾਇਣ ਕਰ, ਜਿਵੇਂ ਪ੍ਰਥਮ ਨਾਦ ਧੁਨਿ ਸਮੇਂ ਸਮੱਸਤ ਵਿਰਾਟ-ਪਸਾਰਾ ਇਕ ਰਸ, ਪ੍ਰਭੂ ਦਾ ਮੰਗਲ ਅਲਾਪ ਰਿਹਾ ਸੀ, ਅਤੇ ਵਿਆਪਕਤਾ ਵਿਚ ਪ੍ਰਭੂ ਹੀ ਪ੍ਰਭੂ ਪਸਰਿਆ ਨਜ਼ਰ ਆਏ।

ਏਕਾ ਸੁਰਤਿ, ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ॥

ਭਲੋ ਭਲੋ ਰੇ ਕੀਰਤਨੀਆਂ ! ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ ੧ ਰਹਾਉ ॥

ਸਭਨਾਂ ਦੀ ਸੁਰਤਿ ਨੂੰ ਇਕਾਗਰ ਕਰਕੇ, ਸ਼ਬਦ ਨੂੰ ਐਸਾ ਗਾਇਨ ਕਰ ਕਿ ਪ੍ਰਭੂ ਤੋਂ ਬਿਨ੍ਹਾਂ ਹੋਰ ਕੁਝ ਨ ਦਿਸੇ। ਹੇ, ਕੀਰਤਨ ਕਰਨਹਾਰ ! ਤਾਂ ਤੇਰੀ ਵਡਿਆਈ ਹੋਵੇਗੀ, ਜੇ ਤੂੰ ਇਸ ਤਰ੍ਹਾਂ ਲੀਨਤਾ ਪ੍ਰਾਪਤ ਕਰਕੇ ਰਮਤ-ਰਾਮ ਦੇ ਗੁਣ ਗਾਇਨ ਕਰੇਂਗਾ ਅਤੇ ਮਾਇਆ ਪ੍ਰਾਪਤੀ ਦਾ ਧਿਆਨ ਤਿਆਗ ਦੇਵੇਂਗਾ।

ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ, ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬਹੀ, ਏਕ ਸਬਦੁ ਬੰਧਿ ਪਾਲੈ ॥ ੨ ॥

ਸੁਰਤਿ, ਸ਼ਬਦ, ਸੁਰਗਿਆਨ, ਸਾਜ਼-ਗਿਆਨ ਅਤੇ ਮਨੋਭਾਵ ਇਨ੍ਹਾਂ ਨੂੰ ਸੰਜਮ ਵਿਚ ਲਿਆ ਕੇ ਸੱਤ-ਸੁਰਾਂ (ਰਾਗ) ਗਾਇਣ ਕਰੇਂ। ਆਪਣੀ ਸਿਆਣਪ ਦਾ ਮਾਨ ਅਤੇ ਹੰਕਾਰ ਤਿਆਗ ਕੇ, ਪ੍ਰੇਮ ਨਾਲ ਗਾਇਣ ਕਰੇਂ। ਇਉਂ ਸੁਰਤ ਸ਼ਬਦ ਵਿਚ ਬੱਝ ਜਾਵੇਗੀ, ਟਿਕੀ ਰਹੇਗੀ, ਡਿਗੇਗੀ ਨਹੀਂ ॥

ਨਾਰਦੀ ਨਰ ਹਰ ਜਾਣਿ ਹਦੂਰੇ ॥
ਘੂੰਘਰ ਖੜਕ ਤਿਆਗ ਵਿਸੂਰੇ ॥
ਸਹਿਜ ਅਨੰਦ ਦਿਖਾਵੈ ਭਾਵੈ ॥
ਇਹ ਨਿਰਤਕਾਰੀ ਜਨਮਿ ਨ ਆਵੈ ॥

ਹੇ ਬਾਜੰਤ੍ਰੀ ! ਨਰ ਹਰੀ-ਪ੍ਰਭੂ ਦੀ ਹਜ਼ੂਰੀ ਵਿਚ ਕੀਰਤਨ ਕਰ ਘੁੰਗਰੂਆਂ ਦੇ ਖੜਾਕ ਦਾ ਵਿਚਾਰ ਤਿਆਗ ਕੇ, ਇਕਾਗਰ ਚਿਤ, ਅੰਦਰ ਟਿੱਕ ਕੇ, ਸਹਿਜ-ਅਨੰਦ ਵਿਚ ਕੀਰਤਨ ਕਰ। ਇਹੋ ਅਸਲੀ ਭਗਤੀ ਹੈ। ਇਸ ਤਰ੍ਹਾਂ, ਮੁੜਕੇ ਜਨਮ ਨਹੀਂ ਹੁੰਦਾ।

ਜੇ ਕੋ ਆਪਨੇ ਠਾਕੁਰ ਭਾਵੈ ॥
ਕੋਟਿ ਮਧਿ ਇਹੁ ਕੀਰਤਨ ਗਾਵੈ ॥
ਸਾਧ ਸੰਗਤਿ ਕੀ ਜਾਵਉ ਟੇਕ ॥
ਕਹੁ ਨਾਨਕ ਤਿਸ ਕੀਰਤਨ ਏਕ ॥

ਕਰੋੜਾ ਵਿਚੋਂ, ਇਕ, ਕੀਰਤਨ ਕਰਨ ਵਾਲਾ, ਅਜਿਹਾ ਹੋਵੇਗਾ ਜਿਹੜਾ ਪ੍ਰਭੂ-ਪ੍ਰਾਪਤੀ ਦੇ ਉਦੇਸ਼ ਨੂੰ ਲੈ ਕੇ ਕੀਰਤਨ ਕਰੇਗਾ। ਉਹ ਸਾਧ-ਸੰਗਤ ਵਿਚ ਜਾਕੇ, ਪ੍ਰਭੂ ਨੂੰ ਹਾਜ਼ਰ-ਹਜ਼ੂਰ ਸਮਝਕੇ ਕੀਰਤਨ ਕਰੇਗਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਉਹ ਕੇਵਲ ਪ੍ਰਭੂ ਨੂੰ ਸੁਣਾਉਣ ਅਤੇ ਰੀਝਾਉਣ ਲਈ ਕੀਰਤਨ ਕਰਦਾ ਹੈ।

—0—

# ਭਿੰਨੀ ਰੈਨੜੀਏ ਚਮਕਨ ਤਾਰੇ

**ਭਾਈ ਸੰਤਾ ਸਿੰਘ** ਹਰਜਾਪ ਸਿੰਘ ਅਮਤੀਕਾ

ਦਾਸ ਨੂੰ ਆਮ ਤੌਰ ਤੇ ਉਹ ਸੱਜਣ ਹੀ ਟੈਲੀਫੋਨ ਕਰਦੇ ਹਨ ਜਿਨ੍ਹਾਂ ਨੇ ਜਾਂ ਤਾਂ ਆਪਣੇ ਘਰ ਅਖੰਡ ਪਾਠ ਕਰਵਾਉਣਾ ਹੁੰਦਾ ਹੈ ਜਾਂ ਕੀਰਤਨ ਕਰਵਾਉਣਾ ਹੁੰਦਾ ਹੈ। ਜੂਨ 1990 ਦੇ ਆਖਰੀ ਸਪਤਾਹ ਇਕ ਸ਼ਾਮ ਨੂੰ ਟੈਲੀਫੋਨ ਖੜਕਿਆ। ਦਾਸ ਨੇ ਚੁੱਕਿਆ ਤਾਂ ਆਵਾਜ਼ ਆਖਣ ਲੱਗੀ ਕਿ ਮੈਂ ਸਵਰਗਵਾਸੀ ਭਾਈ ਸੰਤਾ ਸਿੰਘ ਜੀ ਦਾ ਲੜਕਾ ਹਾਂ।

ਦਾਸ ਨੂੰ ਭਾਈ ਸੰਤਾ ਸਿੰਘ ਹੋਰਾਂ ਦੇ ਭਤੀਜਿਆਂ ਅਤੇ ਭਰਾ ਭਾਈ ਸ਼ਮਸ਼ੇਰ ਸਿੰਘ ਹੋਰਾਂ ਬਾਰੇ ਤਾਂ ਪਤਾ ਸੀ ਲੇਕਿਨ ਭਾਈ ਸੰਤਾ ਸਿੰਘ ਜੀ ਦੇ ਸਪੁੱਤਰਾਂ ਬਾਰੇ ਕੁਝ ਪਤਾ ਨਹੀਂ ਸੀ।

ਖ਼ੈਰ ਸਾਡੇ ਜਿਹਾਂ ਵਾਸਤੇ ਤਾਂ ਭਾਈ ਸਾਹਿਬ ਦਾ ਨਾਉਂ ਲੈਣ ਵਾਲਾ ਭੀ ਅਜ਼ੀਜ਼ ਬਣ ਜਾਂਦਾ ਹੈ। ਬੱਸ ਗੱਲਾਂ ਗੱਲਾਂ ਵਿਚ ਹੀ ਅਤੀਤ ਵਿਚ ਡੁੱਬ ਗਏ। ਦਾਸ ਭਾਈ ਸਾਹਿਬ ਬਾਰੇ ਬਹੁਤ ਕੁਝ ਜਾਣਨਾ ਚਾਹੁੰਦਾ ਸੀ ਅਤੇ ਉਨ੍ਹਾਂ ਦੇ ਸਪੁੱਤਰ ਸਰਦਾਰ ਰਾਜਿੰਦਰ ਸਿੰਘ ਅਜਿਹੀ ਜਾਣਕਾਰੀ ਦਾ ਖ਼ਜ਼ਾਨਾ ਸਨ।

ਗੱਲਾਂ ਗੱਲਾਂ ਵਿਚ ਅਣਵੰਡੇ ਪੰਜਾਬ ਦੇ 1947 ਤੋਂ ਪਹਿਲਾਂ ਵਾਲੇ ਸਮੇਂ ਵਿਚ ਪੁੱਜ ਗਏ। ਵੀਰ ਰਾਜਿੰਦਰ ਸਿੰਘ ਨੇ ਦੱਸਿਆ ਕਿ ਭਾਈ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਉਸ ਵਕਤ ਰਾਗੀ ਸਨ ਜਦੋਂ ਬਾਣੀ ਅਤੇ ਗੁਰਮਤਿ ਸੰਗੀਤ ਬਰਾਬਰ ਦੀ ਅਹਿਮੀਅਤ ਰੱਖਦੇ ਸਨ। ਚੰਗੀ ਆਵਾਜ਼ ਦਾ ਹੋਣਾ ਹੀ ਕਾਫੀ ਨਹੀਂ ਸੀ। ਸੁਰਾਂ ਦਾ ਕਾਬੂ ਹੋਣਾ ਵਧੇਰੇ ਮਹੱਤਤਾ ਰੱਖਦਾ ਸੀ। ਇਕ ਸੁਰ ਭੀ ਗਲਤ ਲੱਗ ਜਾਵੇ ਤਾਂ ਰਾਗੀ ਸਿੰਘ ਸ਼ਰਮ ਵਿਚ ਡੁੱਬ ਜਾਂਦਾ ਸੀ। ਭਾਈ ਲਾਲ ਅਤੇ ਭਾਈ ਚਾਂਦ ਦੇ ਰੂਬਰੂ ਕੀਰਤਨ ਕਰਨ ਵਾਲਾ ਏਨਾਂ ਚੁਕੰਨਾਂ ਰਹਿੰਦਾ ਸੀ ਜਿਹਦਾ ਅੰਦਾਜ਼ਾ ਲਾਉਣਾ ਅੱਜ ਕਲ੍ਹ ਦੇ ਸਮੇਂ ਵਿਚ ਅਸੰਭਵ ਹੈ। ਭਾਈ ਸਾਹਿਬ ਉਨ੍ਹਾਂ ਬਹੁਤ ਘੱਟ ਸਿੱਖ ਕੀਰਤਨੀਆਂ ਵਿਚੋਂ ਸਨ ਜਿਨ੍ਹਾਂ ਨੇ ਕੀਰਤਨ ਕਲਾ ਦੇ ਮਾਹਿਰ ਰਬਾਬੀਆਂ ਦੇ ਪੱਧਰ ਦਾ ਕੀਰਤਨ ਕੀਤਾ। ਭਾਈ ਸਾਹਿਬ ਉੱਪਰ ਗੁਰੂ ਦੀ ਅਪਾਰ ਕਿਰਪਾ ਸੀ।

ਆਲ ਇੰਡੀਆ ਰੇਡੀਓ ਲਾਹੌਰ 1936 ਵਿਚ ਵਜੂਦ ਵਿਚ ਆਇਆ। ਭਾਈ ਸਾਹਿਬ ਇਸ ਰੇਡੀਓ ਸਟੇਸ਼ਨ ਦੇ ਮੁੱਢਲੇ ਕਲਾਕਾਰਾਂ ਵਿਚੋਂ ਸਨ। ਆਪ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉਚੇਚੇ ਤੌਰ ਤੇ ਰੇਡੀਓ ਸਟੇਸ਼ਨ ਤੇ ਜਾਂਦੇ ਸਨ ਅਤੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਭੀ ਹਾਜ਼ਰੀ ਭਰਦੇ ਸਨ। ਦੂਜੇ ਪਾਸੇ ਗੁਰਦੁਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਭਾਈ ਸਮੰਦ ਸਿੰਘ ਜੀ ਜੋ ਉਨ੍ਹਾਂ ਦਿਨਾਂ ਵਿਚ ਭਰਵੀਂ ਜਵਾਨੀ ਵਿਚ ਸਨ ਭੀ ਉਚੇਚੇ ਤੌਰ ਤੇ ਲਹੌਰ ਰੇਡੀਓ ਤੋਂ ਕੀਰਤਨ ਪ੍ਰਸਤੁੱਤ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਸਾਜ਼ਿੰਦੇ ਰੇਡੀਓ ਸਟੇਸ਼ਨ ਦੇ ਆਪਣੇ ਹੁੰਦੇ ਸਨ।

ਕੀਰਤਨ ਤੋਂ ਇਲਾਵਾ ਲਾਹੌਰ ਰੇਡੀਓ ਤੋਂ ਖ਼ਾਂ ਸਾਹਿਬ ਬੜੇ ਗੁਲਾਮ ਅਲੀ ਖਾਂ, ਖ਼ਾਂ ਸਾਹਿਬ ਬਰਕਤ ਅਲੀ ਖਾਂ, ਦਲੀਪ ਚੰਦਰ ਬੇਦੀ, ਮਾਸਟਰ ਰਤਨ ਅਤੇ ਅਨੇਕਾਂ ਹੋਰ ਨਾਮਵਰ ਫਨਕਾਰ ਸ਼ਾਸਤਰੀ ਗਾਇਨ ਕੀਤਾ ਕਰਦੇ ਸਨ। ਤਬਲਾ ਨਵਾਜ਼ਾਂ ਵਿਚੋਂ ਉਸਤਾਦ ਅੱਲਾ ਰੱਖ ਕੁਰੈਸ਼ੀ ਸਿਰ ਕੱਢਵੇਂ ਸਨ।

ਯਾਦ ਰਹੇ ਕਿ ਲਾਹੌਰ ਸਟੇਸ਼ਨ ਨੇ ਅਰੰਭ ਤੋਂ ਹੀ ਮੌਸੀਕੀ ਦਾ ਬੁਲੰਦ ਮਿਆਰ ਕਾਇਮ ਰੱਖਿਆ ਹੈ। ਇਸਦਾ ਸਿਹਰਾ ਉਨ੍ਹਾਂ ਦੇ ਮੌਸੀਕੀ ਦੇ ਪਰਡਿਊਸਰਜ਼ ਦੇ ਸਿਰ ਹੈ ਜੋ ਆਮ ਵਿੱਦਿਆ ਵਿਚ ਭਾਵੇਂ ਅਨਪੜ੍ਹ ਹੀ ਹੋਣ ਪਰ ਮੌਸੀਕੀ ਦੇ ਇਲਮ ਵਿਚ ਗੂੜ੍ਹੇ ਹੋਏ ਸਨ। ਭਾਈ ਸੰਤਾ ਸਿੰਘ ਜੀ ਦਾ ਰੇਡੀਓ ਸਟੇਸ਼ਨ ਤੇ ਬਹੁਤ ਸਤਿਕਾਰ ਸੀ। ਭਾਈ ਸਾਹਿਬ ਇਕ ਸਿਆਣੇ ਮਿਊਜ਼ਿਕ ਡਾਇਰੈਕਟਰ ਦੀ ਤਰ੍ਹਾਂ ਰਾਗ ਦਾ ਆਸਰਾ ਲੈ ਕੇ ਰੀਤ ਤਿਆਰ ਕਰਦੇ ਸਨ ਅਤੇ ਬਾਣੀ ਉਸੇ ਰੀਤ ਵਿਚ ਪੜ੍ਹਦੇ ਸਨ ਦੂਜੇ ਪਾਸੇ ਭਾਈ ਸਮੁੰਦ ਸਿੰਘ ਜੀ ਰਾਗ ਨੂੰ ਸ਼ੁੱਧ ਰੂਪ ਵਿਚ ਪੜ੍ਹਦੇ ਸਨ ਅਤੇ ਇਕੋ ਲੈਅ ਦਾ ਆਸਰਾ ਲੈਂਦੇ ਸਨ।

ਭਾਈ ਸਾਹਿਬ ਦੇ ਜੋ ਰਿਕਾਰਡ ਬਾਜ਼ਾਰ ਵਿਚ ਮਿਲਦੇ ਹਨ ਉਨ੍ਹਾਂ ਦੇ ਸਾਜਿੰਦੇ ਲਾਹੌਰ ਦੇ ਚੋਟੀ ਦੇ ਫਨਕਾਰ ਸਨ ਅਤੇ ਰਿਕਾਰਡਿੰਗ ਤੋਂ ਮਹੀਨਾਂ ਮਹੀਨਾਂ ਪਹਿਲਾਂ ਰੀਹਰਸਲਾਂ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਭਾਈ ਸੁਰਜਣ ਸਿੰਘ ਜੀ ਭਾਈ ਸੰਤਾ ਸਿੰਘ ਜੀ ਦੇ ਜਥੇ ਦੇ ਦੂਜੇ ਕੀਰਤਨੀਏ ਸਨ। ਇਨ੍ਹਾਂ ਦੀ ਮਿਲਤ ਸੁਰਿੰਦਰ ਕੌਰ ਪਰਕਾਸ਼ ਕੌਰ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਵਾਂਗੂੰ ਇੰਜ ਸੀ ਕਿ ਸਰੋਤਾ ਅਸ਼ ਅਸ਼ ਕਰ ਉਠਦਾ ਸੀ। ਅਜੇ ਭੀ ਅਨੇਕਾਂ ਮਸਲਮਾਨ ਸੰਗੀਤ ਪ੍ਰੇਮੀ ਭਾਈ ਸਾਹਿਬ ਦੇ ਕੀਰਤਨ ਦੀ ਕਲਾ ਦੇ ਕਾਇਲ ਹਨ। ਭਾਈ ਸਾਹਿਬ ਦੀ ਤਿੱਖੀ ਆਵਾਜ਼ ਆਪਣੇ ਆਪ ਵਿਚ ਇਕੋ ਇਕ ਹੀ ਸੀ।

1947 ਤੋਂ ਬਾਦ ਦੇ ਸਮੇਂ ਦੀਆਂ ਭਾਈ ਸਾਹਿਬ ਦੀਆਂ ਯਾਦਾਂ ਜੋ ਉਨ੍ਹਾਂ ਦੇ ਸਪੁੱਤਰ ਤੋਂ ਪ੍ਰਾਪਤ ਹੋਈਆਂ ਉਨ੍ਹਾਂ ਦਾ ਜ਼ਿਕਰ ਕਿਸੇ ਵਕਤ ਫੇਰ ਕਰਾਂਗੇ।

---

# ਮਾਸਟਰ ਨਿਹਾਲ ਸਿੰਘ ਜੀ ਦੀ ਬਰਸੀ

ਜਦੋਂ ਵੀ ਕਿਤੇ ਕੀਰਤਨ ਸਿਖਲਾਈ ਦੀ ਗੱਲ ਚਲਦੀ ਹੈ ਤਾਂ ਇਕ ਦਮ ਮਾਸਟਰ ਨਿਹਾਲ ਸਿੰਘ ਹੋਰਾਂ ਦੀ ਯਾਦ ਆਉਂਦੀ ਹੈ। ਉਹਨਾਂ ਨੇ ਜਿਸ ਲਗਨ ਨਾਲ ਕੀਰਤਨ ਪ੍ਰੇਮੀਆਂ ਨੂੰ ਕੀਰਤਨ ਸਿਖਾਇਆ, ਕੀਰਤਨ ਸੰਬੰਧੀ ਪੁਸਤਕਾਂ ਰਚੀਆਂ ਅਤੇ ਸ਼ਹਿਰ ਸ਼ਹਿਰ ਜਾ ਕੇ ਕੀਰਤਨ ਦੀ ਦਾਤ ਵੰਡੀ, ਇਹ ਕਿਸੇ ਤੋਂ ਗੁੱਝਾ ਨਹੀਂ। ਉਹਨਾਂ ਦੇ ਸਪੁੱਤਰ ਡਾ. ਅਬਨਾਸੀ ਸਿੰਘ ਜੀ ਅਨੁਸਾਰ ਮਾਸਟਰ ਜੀ ਅਕਾਲ ਚਲਾਣੇ ਸਮੇਂ ਆਪਣੀਆਂ ਪੁਸਤਕਾਂ ਦੀ ਸਮਗਰੀ 'ਅੰਮ੍ਰਿਤ ਕੀਰਤਨ' ਵਿਚ ਛਾਪਣ ਦੀ ਆਗਿਆ ਦੇ ਗਏ ਹਨ।

ਅਸੀਂ ਉਹਨਾਂ ਦੀ ਬਰਸੀ ਤੇ ਆਦਰ ਸਹਿਤ ਉਹਨਾਂ ਨੂੰ ਯਾਦ ਕਰਦੇ ਹਾਂ

ਸੰਪਾਦਕ

# ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦਾ ਵਰਗੀਕਰਣ

## ਮੁੱਖ ਰਾਗ

| | | ਪੰਨਾ | | | ਪੰਨਾ |
|---|---|---|---|---|---|
| 1. | ਸਿਰੀ ਰਾਗ | 14 | 2. | ਰਾਗ ਮਾਝ | 94 |
| 3. | ਰਾਗ ਗਉੜੀ | 151 | 4. | ,, ਆਸਾ | 347 |
| 5. | ,, ਗੂਜਰੀ | 489 | 6. | ,, ਦੇਵਗੰਧਾਰੀ | 527 |
| 7. | ,, ਬਿਹਾਗੜਾ | 537 | 8. | ,, ਵਡਹੰਸ | 557 |
| 9. | ,, ਸੋਰਠਿ | 595 | 10. | ,, ਧਨਾਸਰੀ | 650 |
| 11. | ,, ਜੈਤਸਰੀ | 696 | 12. | ,, ਟੋਡੀ | 711 |
| 13. | ,, ਬੈਰਾੜੀ | 719 | 14. | ,, ਤਿਲੰਗ | 721 |
| 15. | ,, ਸੂਹੀ | 728 | 16. | ,, ਬਿਲਾਵਲ | 795 |
| 17. | ,, ਗੋਂਡ | 859 | 18. | ,, ਰਾਮਕਲੀ | 876 |
| 19. | ,, ਨਟ ਨਾਰਾਇਣ | 975 | 20. | ,, ਮਾਛੀ ਗਉੜਾ | 484 |
| 21. | ,, ਮਾਰੂ | 989 | 22. | ,, ਤੁਖਾਰੀ | 1107 |
| 23. | ,, ਕੇਦਾਰਾ | 1118 | 24. | ,, ਭੈਰਉ | 1125 |
| 25. | ,, ਬਸੰਤ | 1168 | 26. | ,, ਸਾਰੰਗ | 1197 |
| 27. | ,, ਮਲਾਰ | 1254 | 28. | ,, ਕਾਨੜਾ | 1294 |
| 29. | ,, ਕਲਿਆਨ | 1319 | 30. | ,, ਪ੍ਰਭਾਤੀ | 1327 |
| 31. | ,, ਜੈਜਾਵੰਤੀ | 1352 | | | |

## ਅਧੀਨ ਰਾਗ

| | | ਪੰਨਾ | | | ਪੰਨਾ |
|---|---|---|---|---|---|
| 1. | ਗਉੜੀ ਦੀਪਕੀ | 12 | 2. | ਗਉੜੀ ਪੂਰਬੀ | 13 |
| 3. | ,, ਚੇਤੀ | 154 | 4. | ,,ਬੈਰਾਗਣਿ | 156 |
| 5. | ,, ਗੁਆਰੇਰੀ | 157 | 6. | ,, ਪੂਰਬੀ ਦੀਪਕੀ | 157 |
| 7. | ,, ਮਾਝ | 172 | 8. | ,, ਮਾਲਾ | 214 |
| 9. | ,, ਮਾਲਵਾ | 214 | 10. | ਆਸਾ-ਆਸਾਵਰੀ | 409 |
| 11. | ਸੂਹੀ-ਲਲਿਤ | 793 | 12. | ਬਿਲਾਵਲ ਗੋਂਡ | 874 |
| 13. | ਨਟ | 975 | 14. | ਬਸੰਤ-ਹਿੰਡੋਲ | 1186 |

## ਮਿਸ਼੍ਰਿਤ ਰਾਗ

| | | ਪੰਨਾ | | | ਪੰਨਾ |
|---|---|---|---|---|---|
| 1. | ਕਲਿਆਨ-ਭੋਪਾਲੀ | 1321 | 2. | ਪ੍ਰਭਾਤੀ-ਬਿਭਾਸ | 1327 |
| 3. | ਬਿਭਾਸੀ-ਪ੍ਰਭਾਤੀ | 1347 | | | |

ਗਉੜੀ ਭੀ ਸੋਰਠਿ ਭੀ ਪੰਨਾ 1330
ਭਾਵ-ਬਗੈਰ ਮਿਲਾਏ ਦੋਹਾਂਏ ਰਾਗਾਂ ਵਿਚ ਗਾਇਆ ਜਾ ਸਕਦਾ ਹੈ ।
ਆਸਾਵਾਗੀ-ਸੁਧਰਾ=ਸ਼ੁਧ ਪੰਨਾ 369

## ਦੱਖਣੀ ਰਾਗ

| | | ਪੰਨਾ | | | ਪੰਨਾ |
|---|---|---|---|---|---|
| 1. | ਗਉੜੀ ਦਖਣੀ | 152 | 2. | ਵਡਹੰਸ ਦਖਣੀ | 580 |
| 3. | ਬਿਲਾਵਲ ,, | 843 | 4. | ਰਾਮਕਲੀ ,, | 907 |
| 5. | ਮਾਰੂ ,, | 1033 | 6. | ਪ੍ਰਭਾਤੀ ,, | 1343 |

ਦਖਣੀ—ਭਾਵ ਦਖਿਣ ਭਾਰਤੀ ਸ਼ੈਲੀ ਤੇ ਗਾਉਣਾ ।

## ਕਾਫੀ ਰਾਗ

| | | ਪੰਨਾ | | | ਪੰਨਾ |
|---|---|---|---|---|---|
| 1. | ਆਸਾ ਕਾਫੀ | 365 | 2. | ਤਿਲੰਗ ਕਾਫੀ | 726 |
| 3. | ਸੂਹੀ ,, | 751 | 4. | ਮਾਰੂ ,, | 1014 |

ਕਾਫੀ— ਭਾਵ ਕਾਫੀ ਸ਼ੈਲੀ ਤੇ ਗਾਉਣਾ ।

| | |
|---|---|
| ਮੁੱਖ ਰਾਗ | 31 |
| ਅਧੀਨ ,, | 14 |
| ਮਿਸ਼੍ਰਿਤ ਰਾਗ | 3 |
| ਜੋੜ | 48 |

—0—